# ਬਾਇਡਨ ਦੇ ਸੰਹੁ ਚੁੱਕ ਸਮਾਗਮ ਤੋਂ ਪਹਿਲਾਂ ਟਰੰਪ ਨੇ ਜਾਰੀ ਕੀਤੇ ਐਮਰਜੰਸੀ ਹੁਕਮ



ਵਾਸ਼ਿੰਗਟਨ, 12 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਦੇ 20 ਜਨਵਰੀ ਨੂੰ ਅਹੁਦਾ ਸਾਂਭਣ ਤੋਂ ਪਹਿਲਾਂ ਹਿੰਸਕ ਗਤੀਵਿਧੀਆਂ ਵਿੱਚ ਹੋਣ ਵਾਲੇ ਵਾਧੇ ਸਬੰਧੀ ਲੋਕਲ ਤੇ ਫੈਡਰਲ ਅਧਿਕਾਰੀਆਂ ਵਿੱਚ ਪਾਏ ਜਾ ਰਹੇ ਤੌਖਲੇ ਦੇ ਚੱਲਦਿਆਂ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਵਾਸ਼ਿੰਗਟਨ ਡੀਸੀ ਲਈ ਐਮਰਜੰਸੀ ਐਲਾਨ ਕੀਤਾ ਜਾ ਰਿਹਾ ਹੈ।

ਇਸ ਤਹਿਤ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਅਤੇ ਫੈਡਰਲ ਐਮਰਜੰਸੀ ਮੈਨੇਜਮੈਂਟ ਏਜੰਸੀ ਨੂੰ ਇਹ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਲੋੜ ਮੁਤਾਬਕ ਲੋਕਲ ਅਧਿਕਾਰੀਆਂ ਦੀ ਮਦਦ ਕਰਨ। ਜ਼ਿਕਰਯੋਗ ਹੈ ਕਿ ਟਰੰਪ ਪੱਖੀ ਹਿੰਸਕ ਭੀੜ ਵੱਲੋਂ ਯੂਐਸ ਕੈਪੀਟਲ ਦੀ ਇਮਾਰਤ ਉੱਤੇ ਬੋਲੇ ਗਏ ਧਾਵੇ ਤੋਂ ਪੰਜ ਦਿਨ ਬਾਅਦ ਰਾਸ਼ਟਰਪਤੀ ਵੱਲੋਂ ਇਹ ਐਲਾਨ ਕੀਤਾ ਗਿਆ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਹਿੰਸਕ ਹਮਲੇ ਵਿੱਚ ਚਾਰ ਵਿਅਕਤੀ ਮਾਰੇ ਗਏ।

ਟਰੰਪ ਵੱਲੋਂ ਆਪਣੀ ਹਾਰ ਨਹੀਂ ਕਬੂਲੀ ਗਈ ਸੀ ਤੇ ਉਹ ਕਈ ਮਹੀਨਿਆਂ ਤੋਂ ਇਹੋ ਰਾਗ ਅਲਾਪ ਰਹੇ ਸਨ ਕਿ ਚੋਣਾਂ ਦੌਰਾਨ ਹੋਏ ਘਪਲੇ ਤੇ ਧੋਖੇਬਾਜ਼ੀ ਕਾਰਨ ਹੀ ਉਨ੍ਹਾਂ ਨੂੰ ਹਾਰਿਆ ਦੱਸਿਆ ਜਾ ਰਿਹਾ ਹੈ। ਦੂਜੇ ਪਾਸੇ ਇਲੈਕਸ਼ਨ ਅਧਿਕਾਰੀਆਂ ਵੱਲੋਂ ਆਖਿਆ ਗਿਆ ਕਿ ਇਸ ਤਰ੍ਹਾਂ ਦੇ ਸਾਰੇ ਇਲਜ਼ਾਮ ਝੂਠੇ ਹਨ। ਟਰੰਪ ਵੱਲੋਂ ਇਹ ਐਮਰਜੰਸੀ ਹੁਕਮ ਸੋਮਵਾਰ ਤੋਂ 24 ਜਨਵਰੀ ਤੱਕ ਚੱਲਣਗੇ।

# ਕੈਨੇਡਾ ਨੂੰ ਫਾਈਜ਼ਰ ਵੈਕਸੀਨ ਦੀਆਂ 20 ਮਿਲੀਅਨ ਹੋਰ ਡੋਜ਼ਾਂ ਹਾਸਲ ਹੋਣਗੀਆਂ

## ਗੈਰ ਜ਼ਰੂਰੀ ਆਵਾਜਾਈ ਲਈ 21 ਫਰਵਰੀ ਤੱਕ ਬਾਰਡਰ ਰਹੇਗਾ ਬੰਦ



ਓਟਵਾ, 12 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਨੇ ਕੋਵਿਡ-19 ਵੈਕਸੀਨ ਦੀਆਂ ਵਾਧੂ 20 ਮਿਲੀਅਨ ਡੋਜ਼ਾਂ ਹਾਸਲ ਕਰਨ ਲਈ ਫਾਈਜ਼ਰ ਨਾਲ ਡੀਲ ਸਿਰੇ ਚੜ੍ਹਾਈ ਹੈ।

ਅੱਜ ਸਵੇਰੇ ਓਟਵਾ ਵਿੱਚ ਆਪਣੇ ਘਰ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਇਸ ਤੋਂ ਭਾਵ ਹੈ ਕਿ ਇਸ ਸਾਲ ਕੈਨੇਡਾ ਨੂੰ ਫਾਈਜ਼ਰ ਤੇ ਮੌਡਰਨਾ ਦੀਆਂ 80 ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਟਰੂਡੋ ਨੇ ਦੱਸਿਆ ਕਿ ਇਹ ਵੈਕਸੀਨਜ਼ ਅਪਰੈਲ ਜਾਂ ਮਈ ਤੱਕ ਸਾਡੇ ਕੋਲ ਪਹੁੰਚ ਜਾਣਗੀਆਂ। ਉਨ੍ਹਾਂ ਅੱਗੇ ਆਖਿਆ ਕਿ ਫੈਡਰਲ ਸਰਕਾਰ ਨੇ ਪ੍ਰੋਵਿੰਸਾਂ ਤੋਂ ਇਹ ਪੁੱਛਿਆ ਹੈ ਕਿ ਉਨ੍ਹਾਂ ਨੂੰ ਫਰਵਰੀ ਦੇ ਅੰਤ ਤੱਕ ਹਰ ਹਫਤੇ ਕਿੰਨੀਆਂ ਡੋਜ਼ਾਂ ਚਾਹੀਦੀਆਂ ਹੋਣਗੀਆਂ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਵੰਡ ਲਈ ਬਿਹਤਰ ਯੋਜਨਾ ਉੱਤੇ ਕੰਮ ਕੀਤਾ ਜਾ ਸਕੇ।

ਇੱਕ ਕਿਆਫੇ ਮੁਤਾਬਕ ਜੂਨ ਦੇ ਅੰਤ ਤੱਕ ਅੱਧੇ ਤੋਂ ਵੱਧ ਦੇਸ਼ ਵਾਸੀਆਂ ਦਾ ਟੀਕਾਕਰਣ ਹੋ ਜਾਣ ਦੀ ਸੰਭਾਵਨਾ ਹੈ। ਟਰੂਡੋ ਨੇ ਇਹ ਵੀ ਆਖਿਆ ਕਿ 21 ਫਰਵਰੀ ਤੱਕ ਗੈਰ ਜ਼ਰੂਰੀ ਆਵਾਜਾਈ ਲਈ ਅਮਰੀਕਾ ਨਾਲ ਲੱਗਦਾ ਬਾਰਡਰ ਬੰਦ ਰਹੇਗਾ। ਪਿਛਲੇ ਹਫਤੇ ਮੇਜਰ ਜਨਰਲ ਡੈਨੀ ਫੋਰਟਿਨ ਨੇ ਆਖਿਆ ਸੀ ਕਿ ਕੈਨੇਡਾ ਨੂੰ ਮਾਰਚ ਦੇ ਅੰਤ ਤੱਕ ਫਾਈਜ਼ਰ ਤੇ ਮੌਡਰਨਾ ਵੈਕਸੀਨਜ਼ ਦੀਆਂ ਛੇ ਮਿਲੀਅਨ ਹੋਰ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਫੋਰਟਿਨ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਸੀ ਕਿ ਮੌਡਰਨਾ ਦੀ ਵੈਕਸੀਨ ਹਰੇਕ ਤੀਜੇ ਹਫਤੇ ਪਹੁੰਚੇਗੀ ਜਦਕਿ ਫਾਈਜ਼ਰ ਦੀ ਵੈਕਸੀਨ ਦੀ ਖੇਪ ਹਰ ਹਫਤੇ ਪਹੁੰਚਣੀ ਜਾਰੀ ਰਹੇਗੀ।

# ਓਨਟਾਰੀਓ ਸਰਕਾਰ ਨੇ ਜਾਰੀ ਕੀਤੇ ਸਟੇਅ ਐਟ ਹੋਮ ਆਰਡਰ, ਐਲਾਨੀ ਐਮਰਜੰਸੀ

...ਪੰਨਾ 1 ਦਾ ਬਾਕੀ

ਇਹ ਨਵੇਂ ਹੁਕਮ ਘੱਟੋ ਘੱਟ 28 ਦਿਨਾਂ ਲਈ ਪ੍ਰਭਾਵੀ ਰਹਿਣਗੇ। ਪ੍ਰੋਵਿੰਸ਼ੀਅਲ ਐਮਰਜੰਸੀ ਤਹਿਤ ਸਰਕਾਰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ, ਲੋਕਲ ਪੁਲਿਸ ਫੋਰਸਿਜ਼, ਬਾਇਲਾਅ ਅਧਿਕਾਰੀਆਂ ਤੇ ਪ੍ਰੋਵਿੰਸ਼ੀਅਲ ਵਰਕ-ਪਲੇਸ ਇੰਸਪੈਕਟਰਾਂ ਸਮੇਤ ਸਾਰੇ ਐਨਫੋਰਸਮੈਂਟ ਤੇ ਪ੍ਰੋਵਿੰਸ਼ੀਅਲ ਅਫੈਂਸ ਅਧਿਕਾਰੀਆਂ ਨੂੰ ਇਹ ਖੁੱਲ੍ਹ ਦੇਵੇਗੀ ਕਿ ਉਹ ਸਟੇਅ ਐਟ ਹੋਮ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਸਾਰੇ ਲੋਕਾਂ ਨੂੰ ਟਿਕਟਾਂ ਜਾਰੀ ਕਰ ਸਕਣ।

ਇਨ੍ਹਾਂ ਸਟੇਅ ਐਟ ਹੋਮ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਰੀਓਪਨਿੰਗ ਓਨਟਾਰੀਓ ਐਕਟ ਤੇ ਐਮਰਜੰਸੀ ਮੈਨੇਜਮੈਂਟ ਐਂਡ ਸਿਵਲ ਐਮਰਜੰਸੀ ਮੈਨੇਜਮੈਂਟ (ਈਐਮਪੀਸੀਏ) ਤਹਿਤ ਜੁਰਮਾਨੇ ਵੀ ਲਾਏ ਜਾ ਸਕਦੇ ਹਨ ਤੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਮੁਤਾਬਕ ਇਨ੍ਹਾਂ ਹੁਕਮਾਂ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਇੱਕ ਸਾਲ ਤੱਕ ਦੀ ਜੇਲ੍ਹ ਹੋ ਸਕਦੀ ਹੈ।

ਇਨ੍ਹਾਂ ਨਵੀਆਂ ਪਾਬੰਦੀਆਂ ਦੇ ਚੱਲਦਿਆਂ ਨੌਨ ਅਸੈਂਸ਼ੀਅਲ ਕਰਮਚਾਰੀ, ਜਿਨ੍ਹਾਂ ਨੂੰ ਇਨ ਪਰਸਨ ਕੰਮ ਕਰਨਾ ਪੈ ਰਿਹਾ ਹੈ, ਉਨ੍ਹਾਂ ਨੂੰ ਘਰ ਤੋਂ ਹੀ ਕੰਮ ਕਰਨਾ ਹੋਵੇਗਾ। ਟੋਰਾਂਟੋ, ਯੌਰਕ ਰੀਜਨ, ਹੈਮਿਲਟਨ, ਪੀਲ ਰੀਜਨ ਤੇ ਵਿੰਡਸਰ ਐਸੈਕਸ ਵਿਚਲੇ ਸਕੂਲ ਵੀ ਇਨ ਪਰਸਨ ਲਰਨਿੰਗ ਲਈ 10 ਫਰਵਰੀ ਤੱਕ ਬੰਦ ਰਹਿਣ-ਗੇ। ਸਰਕਾਰ ਨੇ ਅੱਗੇ ਦੱਸਿਆ ਕਿ 20 ਜਨਵਰੀ ਨੂੰ ਚੀਫ ਮੈਡੀਕਲ ਆਫਿਸ ਆਫ ਹੈਲਥ ਡਾ॰ ਡੇਵਿਡ ਵਿਲੀਅਮਜ਼ ਸਿੱਖਿਆ ਮੰਤਰਾਲੇ ਨੂੰ ਇਹ ਦੱਸਣਗੇ ਕਿ ਕਿਹੜੇ ਇਲਾਕਿਆਂ ਵਿੱਚ ਸਕੂਲ ਇਨ ਪਰਸਨ ਲਰਨਿੰਗ ਲਈ ਖੋਲ੍ਹੇ ਜਾ ਸਕਦੇ ਹਨ। ਉੱਤਰੀ ਓਨਟਾਰੀਓ ਦੇ ਸਕੂਲ ਇਨ ਪਰਸਨ ਲਰਨਿੰਗ ਲਈ ਖੁੱਲ੍ਹੇ ਰਹਿਣਗੇ। ਇਨ ਪਰਸਨ ਲਰਨਿੰਗ ਲਈ ਸਕੂਲ ਜਾਣ ਵਾਲੇ ਪਹਿਲੀ ਕਲਾਸ ਦੇ ਵਿਦਿਆਰਥੀਆਂ ਨੂੰ ਮਾਸਕ ਪਾਉਣ ਦੀ ਲੋੜ ਨਹੀਂ ਹੋਵੇਗੀ।

ਨਵੇਂ ਨਿਯਮਾਂ ਮੁਤਾਬਕ ਸਾਰੇ ਗੈਰ ਜ਼ਰੂਰੀ ਸਟੋਰ, ਜਿਨ੍ਹਾਂ ਵਿੱਚ ਹਾਰਡਵੇਅਰ ਸਟੋਰਜ਼, ਅਲਕੋਹਲ ਰੀਟੇਲਰਜ਼ ਤੇ ਕਰਬਸਾਈਡ ਪਿੱਕਅੱਪ ਜਾਂ ਡਲਿਵਰੀ ਕਰਨ ਵਾਲੇ ਸਟੋਰ ਸਵੇਰੇ 7:00 ਵਜੇ ਤੋਂ ਪਹਿਲਾਂ ਤੇ ਰਾਤੀਂ 8:00 ਵਜੇ ਤੋਂ ਬਾਅਦ ਨਹੀਂ ਖੋਲ੍ਹੇ ਜਾ ਸਕਣਗੇ। ਇਹ ਪਾਬੰਦੀਆਂ ਉਨ੍ਹਾਂ ਸਟੋਰਾਂ ਉੱਤੇ ਲਾਗੂ ਨਹੀਂ ਹੋਣਗੀਆਂ ਜਿਹੜੇ ਮੁੱਖ ਤੌਰ ਉੱਤੇ ਫੂਡ, ਦਵਾਈਆਂ ਵੇਚਦੇ ਹਨ, ਗੈਸ ਸਟੇਸ਼ਨਜ਼, ਕਨਵੀਨੀਐਂਸ ਸਟੋਰ ਤੇ ਟੇਕਆਊਟ ਜਾਂ ਡਲਿਵਰੀ ਲਈ ਰੈਸਟੋਰੈਂਟਸ ਨੂੰ ਵੀ ਇਨ੍ਹਾਂ ਇਨ੍ਹਾਂ ਨਿਯਮਾਂ ਤੋਂ ਛੋਟ ਹੋਵੇਗੀ।

ਆਊਟਡੋਰ ਆਰਗੇਨਾਈਜ਼ਡ ਪਬਲਿਕ ਇੱਕਠ ਤੇ ਸੋਸ਼ਲ ਗੈਦਰਿੰਗਜ਼ ਦੀ ਸੀਮਾਂ ਵੀ ਪੰਜ ਵਿਅਕਤੀ ਕਰ ਦਿੱਤੀ ਗਈ ਹੈ। ਗੈਰ ਜ਼ਰੂਰੀ ਕੰਸਟ੍ਰਕਸ਼ਨ ਉੱਤੇ ਵੀ ਪਾਬੰਦੀ ਲਾਈ ਗਈ ਹੈ। ਓਨਟਾਰੀਓ ਵਾਸੀਆਂ ਨੂੰ ਹੋਰਨਾਂ ਥਾਂਵਾਂ ਉੱਤੇ ਸਥਿਤ ਆਪਣੀ ਪ੍ਰਾਪਰਟੀ ਉੱਤੇ ਜਾਣ ਤੋਂ ਵੀ ਉਦੋਂ ਤੱਕ ਵਰਜਿਆ ਗਿਆ ਹੈ ਜਦੋਂ ਤੱਕ ਉਹ ਬੇਹੱਦ ਜ਼ਰੂਰੀ ਨਾ ਹੋਵੇ। ਪਰ ਪ੍ਰਾਪਰਟੀ ਦੀ ਐਮਰਜੰਸੀ ਮੇਨਟੇਨੈਂਸ ਨੂੰ ਅਸੈਂਸ਼ੀਅਲ ਮੰਨਿਆ ਗਿਆ ਹੈ।

ਫੋਰਡ ਨੇ ਆਖਿਆ ਕਿ ਪ੍ਰੋਵਿਸ ਵਿੱਚ ਇਸ ਸਮੇਂ ਸੰਕਟ ਦੀ ਘੜੀ ਹੈ। ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਕੋਵਿਡ-19 ਦੇ ਮਾਮਲਿਆਂ ਤੇ ਮੌਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਕਮਿਊਨਿਟੀ ਵਿੱਚ ਵੀ ਇਸ ਦਾ ਪਸਾਰ ਕਾਫੀ ਜ਼ਿਆਦਾ ਹੈ। ਨਵੀਆਂ ਪਾਬੰਦੀਆਂ ਬੇਹੱਦ ਜ਼ਰੂਰੀ ਸਨ। ਆਉਣ ਵਾਲੇ ਦਿਨਾਂ ਵਿੱਚ ਕੋਵਿਡ-19 ਕਾਰਨ ਮਰਨ ਵਾਲਿਆ ਦੀ ਗਿਣਤੀ ਵਿੱਚ ਵਾਧਾ ਹੋਵੇਗਾ। ਇਸ ਲਈ ਅਹਿਤਿਆਤੀ ਕਦਮ ਚੁੱਕੇ ਜਾਣ ਦੀ ਲੋੜ ਹੈ।

# ਫੈਡਰਲ ਸਰਕਾਰ ਵੱਲੋਂ ਮੌਡਰਨਾ ਤੋਂ 16 ਮਿਲੀਅਨ ਹੋਰ ਡੋਜ਼ਾਂ ਨਾ ਖਰੀਦਣ ਦਾ ਫੈਸਲਾ

ਓਟਵਾ, 12 ਜਨਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਮੌਡਰਨਾ ਤੋਂ 16 ਮਿਲੀਅਨ ਵਾਧੂ ਡੋਜ਼ਾਂ ਨਾ ਖਰੀਦਣ ਦਾ ਫੈਸਲਾ ਕੀਤਾ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਵੈਕਸੀਨ ਦੀ ਇਹ ਖੇਪ ਸ਼ਾਇਦ 2021 ਦੇ ਅੰਤ ਤੱਕ ਵੀ ਹਾਸਲ ਨਾ ਹੋਵੇ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਦੇ ਆਫਿਸ ਵੱਲੋਂ ਆਖਿਆ ਗਿਆ ਹੈ ਕਿ ਵਾਧੂ ਡੋਜ਼ਾਂ ਨੂੰ ਸ਼ਾਮਲ ਕੀਤੇ ਜਾਣ ਨਾਲੋਂ ਉਨ੍ਹਾਂ ਵੱਲੋਂ ਇਸ ਗੱਲ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਕਿ ਮੌਡਰਨਾ ਆਪਣੀ ਮੌਜੂਦਾ ਡਲਿਵਰੀ ਸਮੇਂ ਸਿਰ ਕੈਨੇਡਾ ਨੂੰ ਕਰ ਦੇਵੇ। ਆਨੰਦ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਫੈਡਰਲ ਸਰਕਾਰ ਸਤੰਬਰ 2021 ਦੇ ਅੰਤ ਤੱਕ ਹਰੇਕ ਕੈਨੇਡੀਅਨ ਦਾ ਟੀਕਾਕਰਣ ਕਰਨ ਦਾ ਮੰਤਵ ਰੱਖਦੀ ਹੈ ਤੇ ਇਸ ਤਰ੍ਹਾਂ ਇਸ ਵੈਕਸੀਨ ਦੀ ਖੇਪ ਹਾਸਲ ਕਰਨ ਵਿੱਚ ਹੋ ਰਹੀ ਦੇਰ ਨਾਲ ਅਜਿਹਾ ਸੰਭਵ ਨਹੀਂ ਹੈ। ਮੰਤਰੀ ਦੇ ਆਫਿਸ ਅਨੁਸਾਰ 16 ਮਿਲੀਅਨ ਡੋਜ਼ਾਂ ਨਾ ਖਰੀਦਣ ਦਾ ਇਹ ਫੈਸਲਾ ਵੈਕਸੀਨ ਟਾਸਕ ਫੋਰਸ ਦੀ ਸਲਾਹ ਨਾਲ ਲਿਆ ਗਿਆ ਹੈ। ਜੇ ਲੋੜ ਪੈਂਦੀ ਹੈ ਤਾਂ ਕੈਨੇਡਾ ਅਜੇ ਵੀ ਮੌਡਰਨਾ ਨਾਲ ਵਾਧੂ ਡੋਜ਼ਾਂ ਹਾਸਲ ਕਰਨ ਲਈ ਮੁੜ ਗੱਲਬਾਤ ਕਰ ਸਕਦਾ ਹੈ। ਫਾਈਜ਼ਰ-ਬਾਇਓਐਂਨਟੈਕ ਤੋਂ ਇਲਾਵਾ ਹੈਲਥ ਕੈਨੇਡਾ ਵੱਲੋਂ ਮੌਡਰਨਾ ਦੀ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦਿੱਤੀ ਗਈ ਸੀ।

ਫੈਡਰਲ ਸਰਕਾਰ ਨੇ ਫਾਈਜ਼ਰ ਨਾਲ ਘੱਟ ਤੋਂ ਘੱਟ 20 ਮਿਲੀਅਨ ਡੋਜ਼ਾਂ ਦਾ ਮੁੱਢਲਾ ਕਾਂਟਰੈਕਟ ਕੀਤਾ ਸੀ ਤੇ ਕੁੱਲ 76 ਮਿਲੀਅਨ ਡੋਜ਼ਾਂ ਤੱਕ ਦੀ ਡੀਲ ਹੋਈ ਸੀ। ਮੌਡਰਨਾਂ ਨਾਲ ਕੈਨੇਡਾ ਵੱਲੋਂ 40 ਮਿਲੀਅਨ ਡੋਜ਼ਾਂ ਦੀ ਡੀਲ ਕੀਤੀ ਗਈ ਸੀ। ਇਸ ਦੇ ਨਾਲ ਹੀ ਕੈਨੇਡਾ 16 ਮਿਲੀਅਨ ਡੋਜ਼ਾਂ ਹੋਰ ਹਾਸਲ ਕਰ ਸਕਦਾ ਸੀ ਪਰ ਸਰਕਾਰ ਵੱਲੋਂ ਅਜਿਹਾ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਡਾਕਟਰਾਂ ਨੇ ਫੋਰਡ ਸਰਕਾਰ ਨੂੰ ਐਮਰਜੀਸੀ ਪੇਡ ਸਿੱਕ ਲੀਵ ਪਲੈਨ ਲਾਗੂ ਕਰਨ ਦੀ ਕੀਤੀ ਸਿਫਾਰਿਸ਼



ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ): ਟੋਰਾਂਟੋ ਦੇ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਜਾਰੀ ਕੀਤੀ ਗਈ ਨਵੀਂ ਰਿਪੋਰਟ ਵਿੱਚ ਇਹ ਸਿਫਾਰਿਸ਼ ਕੀਤੀ ਗਈ ਹੈ ਕਿ ਪ੍ਰੋਵਿੰਸ ਮਹਾਂਮਾਰੀ ਦੌਰਾਨ 10 ਰੋਜ਼ਾ ਐਮਰਜੰਸੀ ਪੇਡ ਸਿੱਕ ਲੀਵ ਦਾ ਨਿਯਮ ਲਾਗੂ ਕਰੇ।

ਸਤੰਬਰ ਵਿੱਚ ਓਟਵਾ ਵੱਲੋਂ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ ਲਾਂਚ ਕੀਤਾ ਗਿਆ ਸੀ, ਜਿਸ ਤਹਿਤ ਦੋ ਹਫਤਿਆਂ ਤੱਕ 500 ਡਾਲਰ ਪ੍ਰਤੀ ਹਫਤਾ ਦੇਣ ਦੀ ਗੱਲ ਆਖੀ ਗਈ ਸੀ। ਪਰ ਰਿਪੋਰਟਾਂ ਵਿੱਚ ਪਾਇਆ ਗਿਆ ਕਿ ਇਸ ਬੈਨੇਫਿਟ ਦੀ ਵਰਤੋਂ ਕਰਨ ਦੇ ਚਾਹਵਾਨ ਵਰਕਰ ਨੂੰ ਇਸ ਤਹਿਤ ਲੋੜੀਂਦੀ ਜੌਬ ਸਕਿਊਰਿਟੀ ਮੁਹੱਈਆ ਨਹੀਂ ਕਰਵਾਈ ਜਾਂਦੀ। ਇੱਕ ਰਿਪੋਰਟ ਵਿੱਚ ਡਾ॰ ਐਲੀਨ ਡੀ ਵਿੱਲਾ ਨੇ ਆਖਿਆ ਕਿ ਵਰਕਰਜ਼, ਉਨ੍ਹਾਂ ਦੇ ਕੰਮ ਵਾਲੀਆਂ ਥਾਂਵਾਂ ਤੇ ਸਮੁੱਚੀ ਕਮਿਊਨਿਟੀ ਦੀ ਹਿਫਾਜ਼ਤ ਲਈ ਪੇਡ ਸਿੱਕ ਲੀਵ ਵਾਲਾ ਪ੍ਰਬੰਧ ਜ਼ਰੂਰੀ ਹੈ।

ਸਿਟੀ ਦਾ ਕਹਿਣਾ ਹੈ ਕਿ ਸਿਰਫ 42 ਫੀ ਸਦੀ ਕੰਮਕਾਜੀ ਕੈਨੇਡੀਅਨਜ਼ ਦੀ ਹੀ ਪਹੁੰਚ ਇਸ ਪੇਡ ਸਿੱਕ ਲੀਵ ਤੱਕ ਹੈ। ਲੋਅ ਵੇਜ ਤੇ ਫਰੰਟ ਲਾਈਨ ਵਰਕਰਜ਼ ਦਰਮਿਆਨ ਇਹ ਅੰਕੜਾ 10 ਫੀ ਸਦੀ ਤੋਂ ਵੀ ਘੱਟ ਹੈ। ਸਿਟੀ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਬਿਨਾਂ ਪੇਡ ਸਿੱਕ ਲੀਵ, ਖਾਸਤੌਰ ਉੱਤੇ ਲੋਅ ਵੇਜ, ਅਸੈਂਸ਼ੀਅਲ ਫਰੰਟਲਾਈਨ ਵਰਕਰਜ਼ ਨੂੰ ਬਿਮਾਰ ਹੁੰਦੇ ਸਮੇਂ ਵੀ ਕੰਮ ਕਰਨ ਦੇ ਬਾਵਜੂਦ ਵਿੱਤੀ ਦਬਾਅ ਝੱਲਣਾ ਪੈਂਦਾ ਹੈ। ਕੰਮ ਵਾਲੀ ਥਾਂ ਤੋਂ ਹੋਣ ਵਾਲੇ ਸੰਕ੍ਰਮਣ ਕਾਰਨ ਗੰਭੀਰ ਪਬਲਿਕ ਹੈਲਥ ਰਿਸਕ ਦੀ ਗੱਲ ਮੰਨਦਿਆਂ ਟੋਰਾਂਟੋ ਬੋਰਡ ਆਫ ਹੈਲਥ ਨੇ ਮਈ 2020 ਵਿੱਚ ਪ੍ਰੋਵਿੰਸ ਨੂੰ ਇਹ ਪ੍ਰੋਗਰਾਮ ਲਾਗੂ ਕਰਨ ਦੀ ਅਪੀਲ ਕੀਤੀ ਸੀ ਤਾਂ ਕਿ ਵਰਕਰਜ਼ ਨੂੰ ਪੇਡ ਸਿੱਕ ਲੀਵ ਹਾਸਲ ਹੋ ਸਕੇ। ਅਗਲੇ ਹਫਤੇ ਹੋਣ ਵਾਲੀ ਮੀਟਿੰਗ ਵਿੱਚ ਬੋਰਡ ਆਫ ਹੈਲਥ ਵੱਲੋਂ ਇਨ੍ਹਾਂ ਸਿਫਾਰਿਸ਼ਾਂ ਉੱਤੇ ਗੌਰ ਕਰਨ ਦੀ ਗੱਲ ਆਖੀ ਗਈ ਹੈ।



# ਮਾਰਚ ਦੇ ਅੰਤ ਤੱਕ ਕੈਨੇਡਾ ਵਿਚਲੇ ਆਪਣੇ 300 ਸਟੋਰ ਬੰਦ ਕਰੇਗਾ ਸਟਾਰਬੱਕਸ




ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਸਟਾਰਬੱਕਸ ਦਾ ਕਹਿਣਾ ਹੈ ਕਿ ਉਹ ਕੈਨੇਡਾ ਭਰ ਵਿੱਚ ਆਪਣੇ 300 ਸਟੋਰ ਬੰਦ ਕਰਨ ਜਾ ਰਿਹਾ ਹੈ। ਇਹ ਕੰਮ ਮਾਰਚ ਦੇ ਅੰਤ ਤੱਕ ਮੁਕੰਮਲ ਕਰ ਲਿਆ ਜਾਵੇਗਾ।

ਸਿਆਟਲ ਸਥਿਤ ਕੌਫੀਹਾਊਸ ਤੇ ਰੋਸਟਰੀ ਚੇਨ ਨੇ ਆਪਣੀ ਪੰਜ ਸਾਲਾ ਰਣਨੀਤੀ ਦਾ ਪਿਛਲੇ ਸਾਲ ਐਲਾਨ ਕੀਤਾ ਸੀ। ਕੰਪਨੀ ਵੱਲੋਂ ਕੋਵਿਡ-19 ਮਹਾਂਮਾਰੀ ਕਾਰਨ ਕੰਜਿ਼ਊਮਰਜ਼ ਦੀਆਂ ਆਦਤਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਸੀ। ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕੰਪਨੀ ਨੇ ਆਖਿਆ ਕਿ ਉਸ ਦੀਆਂ ਕੁੱਝ ਲੋਕੇਸ਼ਨਾਂ ਪਿਛਲੇ ਸਾਲ ਦੇ ਅੰਤ ਵਿੱਚ ਬੰਦ ਹੋ ਗਈਆਂ ਸਨ ਤੇ ਯੋਜਨਾ ਮੁਤਾ-ਬਕ ਬਾਕੀ ਦੇ ਸਟੋਰ ਦੂਜੀ ਤਿਮਾਹੀ ਦੇ ਅੰਤ ਤੱਕ ਬੰਦ ਹੋ ਜਾਣਗੇ।

ਇਨ੍ਹਾਂ ਸਟੋਰਜ਼ ਦੀ ਮੁੜ ਉਸਾਰੀ ਦੌਰਾਨ ਨਵੀਂਆਂ ਡਰਾਈਵ ਥਰੂ ਲੋਕੇਸ਼ਨਜ਼ ਤਿਆਰ ਕੀਤੀਆਂ ਜਾਣਗੀਆਂ, ਡਲਿਵਰੀ ਦਾ ਪਸਾਰ ਕੀਤਾ ਜਾਵੇਗਾ ਤੇ ਪਿੱਕ ਅੱਪ ਓਨਲੀ ਕਾਫੀ ਸ਼ਾਪਜ਼ ਤਿਆਰ ਕੀਤੀਆਂ ਜਾਣਗੀਆਂ। ਕੰਪਨੀ ਨੇ ਪਿੱਕ ਅੱਪ ਓਨਲੀ ਲੋਕੇਸ਼ਨਾਂ ਤਿਆਰ ਕਰਨ ਦਾ ਤਜਰਬਾ ਮਹਾਂਮਾਰੀ ਸੁਰੂ ਹੋਣ ਤੋਂ ਪਹਿਲਾਂ ਹੀ ਕੀਤਾ ਸੀ। ਇਸ ਨਵੇਂ ਫੌਰਮੈਟ ਉੱਤੇ ਆਧਾਰਿਤ ਪਹਿਲਾ ਕੈਨੇਡੀਅਨ ਸਟਾਰ ਬੱਕਸ ਸਟੋਰ ਟੋਰਾਂਟੋ ਦੇ ਫਾਇਨਾਂਸ਼ੀਅਲ ਡਿਸਟ੍ਰਿਕਟ ਵਿੱਚ ਪਿਛਲੇ ਸਾਲ ਜਨਵਰੀ ਵਿੱਚ ਲਾਂਚ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਕੰਪਨੀ ਨੇ ਆਖਿਆ ਸੀ ਕਿ ਉਹ ਅਗਲੇ ਦੋ ਸਾਲਾਂ ਦੇ ਅਰਸੇ ਵਿੱਚ ਕੈਨੇਡਾ ਵਿਚਲੀਆਂ ਆਪਣੀਆਂ 200 ਲੋਕੇਸ਼ਨਾਂ ਬੰਦ ਕਰੇਗੀ।

# ਮੱਧ ਪ੍ਰਦੇਸ਼ ’ਚ ਔਰਤ ਨਾਲ ਦਰਿੰਦਗੀ : ਗੈਂਗਰੇਪ ਤੋਂ ਬਾਅਦ ਪ੍ਰਾਈਵੇਟ ਪਾਰਟ ’ਚ ਰਾਡ ਪਾ ਦਿੱਤੀ ਗਈ

ਭੋਪਾਲ, 12 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਵੀ ਨਿਰਭੈਯਾ ਗੈਂਗਰੇਪ ਵਰਗੀ ਦਰਿੰਦਗੀ ਹੋਈ ਹੈ। ਇਥੇ ਚਾਰ ਨੌਜਵਾਨਾਂ ਨੇ ਇੱਕ ਬਜ਼ੁਰਗ ਔਰਤ ਨਾਲ ਗੈਂਗਰੇਪ ਕੀਤਾ। ਉਸ ਤੋਂ ਬਾਅਦ ਪੀੜਤਬਜ਼ੁਰਗ ਔਰਤ ਪ੍ਰਾਈਵੇਟ ਪਾਰਟ ਵਿੱਚ ਲੋਹੇ ਦੀ ਰਾਡ ਪਾ ਦਿੱਤੀ। ਇਹ ਘਟਨਾ ਜ਼ਿਲ੍ਹਾ ਹੈਡਕੁਆਰਟਰ ਤੋਂ ਕਰੀਬ 40 ਕਿਲੋਮੀਟਰ ਦੂਰ ਅਮਲੀਆ ਥਾਣਾ ਖੇਤਰ ਵਿੱਚ ਵਾਪਰੀ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।



ਪੁਲਸ ਮੁਤਾਬਕ ਪੀੜਤ ਔਰਤ ਦੇ ਪਤੀ ਦੀ ਲੱਗਭਗ ਚਾਰ ਸਾਲ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਉਹ ਆਪਣੇ ਦੋ ਨਾਬਾਲਗ ਬੱਚਿਆਂ ਅਤੇ ਆਪਣੀ ਭੈਣ ਦੇ ਨਾਲ ਇੱਕ ਝੋਂਪੜੀ ਵਿੱਚ ਰਹਿੰਦੀ ਸੀ। ਔਰਤ ਉਥੇ ਇੱਕ ਛੋਟੀ ਜਿਹੀ ਦੁਕਾਨ ਚਲਾਉਂਦੀ ਸੀ। ਕੱਲ੍ਹ ਰਾਤ ਅਪਰਾਧੀ ਉਸ ਦੇ ਘਰ ਆਏ ਅਤੇ ਪੀਣ ਲਈ ਪਾਣੀ ਮੰਗਿਆ। ਜਦ ਔਰਤ ਨੇ ਪਾਣੀ ਦੇਣ ਤੋਂ ਇਨਕਾਰ ਕੀਤਾ ਤਾਂ ਉਹ ਝੋਂਪੜੀ ਵਿੱਚ ਦਾਖ਼ਲ ਹੋ ਗਏ ਤੇ ਉਸ ਨਾਲ ਵਾਰੀ-ਵਾਰੀ ਰੇਪ ਕੀਤਾ। ਫਰਾਰ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਪੀੜਤਾ ਦੇ ਪ੍ਰਾਈਵੇਟ ਪਾਰਟ ਵਿੱਚ ਲੋਹੇ ਦੀ ਰਾਡ ਪਾ ਦਿੱਤੀ। ਘਟਨਾ ਸਮੇਂ ਔਰਤ ਦੇ ਪੁੱਤਰ ਘਰ ਵਿੱਚ ਨਹੀਂ ਸਨ।ਪੀੜਤਾ ਨੂੰ ਰੀਵਾ ਦੇ ਸੰਜੇ ਗਾਂਧੀ ਮੈਡੀਕਲ ਕਾਲਜ ਦਾਖ਼ਲ ਕਰਾਇਆ ਗਿਆ। ਰੀਵਾ ਰੇਂਜ ਦੇ ਆਈ ਜੀ ਓਮੇਸ਼ ਜੋਗਾ ਨੇ ਦੱਸਿਆ ਕਿ ਪੀੜਤਾ ਦੇ ਪਰਵਾਰ ਦੀ ਸ਼ਿਕਾਇਤ ’ਤੇ ਪੁਲਸ ਨੇ ਮਾਮਲਾ ਦਰਜ ਕਰਦੇ ਹੋਏ ਚਾਰ ਮੁਲਾਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਾਜ਼ਮ ਪੀੜਤ ਔਰਤ ਦੇ ਹੀ ਪਿੰਡ ਦੇ ਰਹਿਣ ਵਾਲੇ ਹਨ।

# ਪਿੰਡ ਮੁੰਡੀਆ ਵਿਖੇ 51 ਲੜਕੀਆਂ ਦਾ ਲੋਹੜੀ ਵੰਡ ਸਮਾਗਮ

ਲੁਧਿਆਣਾ, 12 ਜਨਵਰੀ ( ਗਿਆਨ ਸਿੰਘ) ਲੁਧਿਆਣਾ ਸ਼ਹਿਰ ਦੀ ਬੁੱਕਲ ਵਿੱਚ ਘਿਰੇ ਗਏ ਪਿੰਡ ਮੁੰਡੀਆ ਵਿਖੇ ਸਮਜ ਸੇਵੀ ਸੰਸਥਾ ਏਕਤਾ ਹਿਊਮਨ ਰਾਇਟਸ ਬਿਊਰੋ ਵੱਲੋਂ 51 ਲੜਕੀਆਂ ਦਾ ਲੋਹੜੀ ਵੰਡ ਸਮਾਗਮ ਕਰਵਾਇਆ ਗਿਆ,ਜਿਸ ਵਿੱਚ ਮਾਪਿਆਂ ਅਤੇ ਸਮਾਜ ਵੱਲੋਂ ਧੀਆਂ ਨੂੰ ਪੁੱਤਰਾਂ ਸਮਾਨ ਸਮਝਣ ਅਤੇ ਉਹਨਾਂ ਨੂੰ ਸਿੱਖਿਆ ਅਤੇ ਜ਼ੰਦਿਗੀ ਵਿਚ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਵਾਉਣ ਦੀ ਲੋੜ ਤੇ ਜ਼ੋਰ ਦਿੱਤਾ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਕਥਾ ਕੀਰਤਨ ਦੀ ਸੇਵਾ ਸਮਾਗਮ ਦੇ ਪ੍ਰਮੁੱਖ ਦਾਨੀ ਭਾਈ ਬੂਟਾ ਸਿੰਘ ਈਸੇਵਾਲ ਵੱਲੋਂ ਨਿਭਾਈ ਗਈ । ਸਰਦਾਰ ਵਰਿੰਦਰ ਵੀਰ ਸਿੰਘ ਗੋਗੀ ਮਾਲਵਾ ਟੂਰ ਐਂਡ ਟਰੈਵਲਜ ਮੁੱਖ ਸੇਵਾਦਾਰ ਅਤੇ ਕਰਮਜੀਤ ਕੌਰ ਜਰਨਲ ਸਕੱਤਰ ਵੱਲੋਂ ਆਯੋਜਿਤ ਇਸ ਸਮਾਗਮ ਵਿੱਚ ਵੱਖ ਵੱਖ ਬੁਲਾਰਿਆਂ ਨੇ ਵੱਡੀ ਗਿਣਤੀ ਵਿੱਚ ਔਰਤਾਂ ਨੂੰ ਮੁਖਾਤਬ ਹੁੰਦੇ ਹਨ ਕਿਹਾ ਕਿ ਔਰਤ ਨੂੰ ਅੱਜ ਵੀ ਸਮਾਜ ਵਿੱਚ ਕਈ ਤਰ੍ਹਾਂ ਦੀ ਨਾਬਰਾਸ਼ਰੀ ਅਤੇ ਵਿਤਕਰੇ ਵਧੀਕੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।



ਮੁੱਖ ਬੁਲਾਰੇ ਭਾਈ ਬੂਟਾ ਸਿੰਘ ਜੀ ਪ੍ਰਧਾਨ ਬੇਬੇ ਨਾਨਕੀ ਸੇਵਾ ਸੁਸਾਇਟੀ ਨੇ ਆਖਿਆ ਕਿ ਅਕਾਲ ਪੁਰਖ ਦੀ ਕਿਰਪਾ ਨਾਲ ਇਸ ਸਾਲ ਵੀ ਵੱਖ ਵੱਖ ਥਾਵਾਂ ਤੇ 1100 ਲੜਕੀਆਂ ਦੀ ਲੋਹੜੀ ਮਨਾਈ ਜਾ ਰਹੀ ਹੈ ਤਾਂ ਜੋ ਸਮਾਜ ਦੀ ਸੋਚ ਵਿਚ ਤਬਦੀਲੀ ਜਾ ਸਕੇ ਅਤੇ ਗੁਰੂਆਂ ਵੱਲੋਂ ਔਰਤ ਨੂੰ ਦਿਤੀ ਇਜ਼ਤ ਅਤੇ ਵਡਿਆਈ ਦਾ ਸੰਦੇਸ਼ ਪਰਚਾਰਿਆ ਜਾ ਸਕੇ ਸੰਸਥਾ ਦੇ ਜਰਨਲ ਸਕੱਤਰ ਚਰਨਜੀਤ ਸਿੰਘ ਸਹੋਲੀ ਨੇ ਕਿਹਾ ਕਿ ਔਰਤ ਨੂੰ ਨਾਬਰਾਸ਼ਰੀ ਅਤੇ ਵਿਤਕਰੇ ਦਾ ਬਹੁਤਾ ਦੁੱਖ ਖੁਦ ਔਰਤ ਵਰਗ ਵੱਲੋ ਹੀ ਝੇਲਨਾ ਪੈਂਦਾ ਹੈ ਕਰਮਜੀਤ ਕੌਰ ਸਿਮਰਨ ਨੇ ਕਿਹਾ ਕਿ ਮਾਵਾਂ ਚਾਹੇ ਅੱਧੀ ਰੋਟੀ ਤੇ ਗੁਜਾਰਾ ਕਰਨ ਪਰ ਆਪਣੀਆਂ ਧੀਆਂ ਨੂੰ ਪੜ੍ਹਾ ਲਿਖਾਕੇ ਉਨ੍ਹਾਂ ਨੂੰ ਆਤਮ ਨਿਰਭਰ ਤੇ ਸਵੈਮਾਨ ਵਾਲੀ ਜ਼ੰਦਿਗੀ ਯੋਗ ਬਣਾਉਣ ।

ਸਮਾਗਮ ਵਿਚ ਉਚੇਚੇ ਤੌਰ ਤੇ ਪਹੁੰਚੇ ਸਾਬਕਾ ਪੁਲੀਸ ਅਧਿਕਾਰੀ ਸਰਦਾਰ ਕੁਲਵੰਤ ਸਿੰਘ ਲਹਿਰਾ ਰਿਟਾ ਡੀਐਸਪੀ ਨੇ ਆਪਣਾ ਅਨੁਭਵ ਸਾਂਝਾ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੇ ਸੇਵਾ ਕਾਲ ਦੌਰਾਨ ਪਰਿਵਾਰਕ ਝਗੜੇ ਦਾਜ ਅਤੇ ਘਰੇਲੂ ਹਿੰਸਾ ਆਦਿ ਦਾ ਸ਼ਿਕਾਰ 145 ਵਿਆਹੀਆਂ ਲੜਕੀਆਂ ਦੇ ਝਗੜੇ ਨਬੇੜ ਕੇ ਪਰਿਵਾਰ ਨੂੰ ਟੁੱਟਣ ਤੋਂ ਬਚਾਇਆ ਹੈ ਉਹਨਾਂ ਕਿਹਾ ਕਿ ਜੇ ਲੋਕ ਆਪਣੇ ਪੁੱਤਰ ਦੇ ਵਿਆਹ ਵਿੱਚ ਦਹੇਜ ਲੈਂਦੇ ਹਨ ਉਹ ਆਪਣੀਆਂ ਨੂੰਹਾਂ ਦੀ ਇਜਤ ਵੀ ਕਰਿਆ ਕਰਨ।

ਇਸ ਮੌਕੇ ਸਰਦਾਰ ਧਰਮਵੀਰ ਸਿੰਘ ਏ ਸੀ ਪੀ (ਰਿਟ-ਾਇਰ), ਸਰਦਾਰ ਬਲਵਿੰਦਰ ਸਿੰਘ ਘੋਲੀਆ, ਬੀਬੀ ਬਲਜੀਤ ਕੌਰ ਘੋਲੀਆ , ਬਲਵਿੰਦਰ ਕੌਰ ਸੰਘਾ, ਮੇਜਰ ਹਿੰਦੁਸਤਾਨੀ , ਪ੍ਰਸਿੱਧ ਸਟੇਟਮੈਂਨ ਪੰਜਾਬ ਪੁਲਿਸ, ਰੁਲਦਾ ਸਿੰਘ ਦੋਰਾਹਾ, ਭਰਪੂਰ ਸਿੰਘ ਟਰਾਂਸਪੋਰਟ ਮੈਨੇਜਰ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਸਮਾਗਮ ਦੌਰਾਨ ਗਗਨਦੀਪ ਸਿੰਘ, ਬਿੱਟੂ ਮੁੰਡੀਆ, ਬਲਦੇਵ ਮੰਡੇਰ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਸੰਦੀਪ ਸਿੰਘ ਅਤੇ ਸੁਰਜੀਤ ਸਿੰਘ ਵੀ ਸ਼ਾਮਿਲ ਹੋਏ। ਇਸ ਮੌਕੇ 50 ਲੜਕੀਆਂ ਨੂੰ ਗਰਮ ਕੱਪੜੇ ਨਗਦ ਸ਼ਗਨ ਖਿਡਾਉਣੇ ਅਤੇ ਮੂੰਗਫਲੀ ਰਿਓੜੀਆਂ ਅਤੇ ਬੱਚਿਆਂ ਦੀਆਂ ਮਾਵਾਂ ਨੂੰ ਸੂਟਾਂ ਦੀ ਵੰਡ ਭਾਈ ਬੂਟਾ ਸਿੰਘ , ਵਰਿੰਦਰ ਵੀਰ ਸਿੰਘ ਗੋਗੀ ਸਮੇਤ ਹਾਜਿਰ ਸਮੂਹ ਮਹਿਮਾਨਾਂ ਨੇ ਕੀਤੀ। ਸਟੇਜ ਸੰਭਾਲਣ ਦੀ ਸੇਵਾ ਪ੍ਰਸਿੱਧ ਕਬੱਡੀ ਇੰਮਪਾਇਰ ਅਤੇ ਬੁਲਾਰੇ ਹਰਜੀਤ ਸਿੰਘ ਨੇ ਬਾਖੂਬੀ ਨਿਭਾਈ । ਇਸ ਮੌਕੇ ਲੰਗਰ ਵੀ ਵਰਤਾਇਆ ਗਿਆ । ਲੋਹੜੀ ਵੀ ਬਾਲੀ ਗਈ। ਅੰਤ ਵਿੱਚ ਸਮਾਗਮ ਦੇ ਸੰਚਾਲਕ ਬਰਿੰਦਰਵੀਰ ਸਿੰਘ ਗੋਗੀ ਅਤੇ ਕਰਮਜੀਤ ਕੌਰ ਸਿਮਰਨ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਸਾਹ ਰੋਕਣ ਨਾਲ ਕੋਰੋਨਾ ਇਨਫੈਕਸ਼ਨ ਦਾ ਖਤਰਾ ਵਧ ਸਕਦੈ

ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਭਾਰਤੀ ਤਕਨੀਕੀ ਸੰਸਥਾ (ਆਈ ਆਈ ਟੀ) ਮਦਰਾਸ ਦੇ ਖੋਜਕਾਰਾਂ ਨੇ ਪਤਾ ਲਾਇਆ ਹੈ ਕਿ ਸਾਹ ਰੋਕਣ ਨਾਲ ਕੋਵਿਡ-19 ਇਨਫੈਕਸ਼ਨ ਹੋਣ ਦਾ ਖਤਰਾ ਵਧ ਸਕਦਾ ਹੈ।




ਖੋਜਕਾਰਾਂ ਨੇ ਇਹ ਪਤਾ ਲਾਉਣ ਲਈ ਪ੍ਰਯੋਗਸ਼ਾਲਾ ਵਿੱਚ ਸਾਹ ਲੈਣ ਬਾਰੇ ਇੱਕ ਮਾਡਲ ਤਿਆਰ ਕੀਤਾ ਕਿ ਕਿਵੇਂ ਵਾਇਰਸ ਵਾਲੀ ਛੋਟੀ ਬੂੰਦ ਦੇ ਪ੍ਰਵਾਹ ਦੀ ਦਰ ਫੇਫੜਿਆਂ ਵਿੱਚ ਇਸ ਦੇ ਜਮ੍ਹਾ ਹੋਣ ਨੂੰ ਤੈਅ ਕਰਦੀ ਹੈ। ਇਸ ਖੋਜ ਦੇ ਨਤੀਜਿਆਂ ਨੂੰ ਅੰਤਰਰਾਸ਼ਟਰੀ ਪੱਤ੍ਰਿਕਾ ‘ਫਿਜਿਕਸ ਆਫ ਫਲੂਏਡਸ’ ਵਿੱਚ ਛਾਪਿਆ ਗਿਆ ਹੈ। ਖੋਜਕਾਰਾਂ ਦੇ ਇਸ ਦਲ ਦੇ ਅਨੁਸਾਰ ਉਨ੍ਹਾਂ ਨੇ ਇੱਕ ਪ੍ਰਯੋਗਸ਼ਾਲਾ ਵਿੱਚ ਸਾਹ ਲੈਣ ਦੀ ਡੰਮੀ ਤਿਆਰ ਕੀਤੀਤੇ ਪਤਾ ਲੱਗਾ ਕਿ ਸਾਹ ਲੈਣ ਦੀ ਘੱਟ ਪ੍ਰੀਕਿਰਿਆ ਵਾਇਰਸ ਦੀ ਹਾਜ਼ਰੀ ਦੇ ਸਮੇਂ ਨੂੰ ਵਧਾਉਂਦੀ ਹੈ ਜਿਸ ਤੋਂ ਇਸ ਦੇ ਜਮ੍ਹਾਂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਦੇ ਫਲਸਰੂਪ ਇਨਫੈਕਸ਼ਨ ਹੁੰਦੀ ਹੈ। ਇਸ ਦੇ ਇਲਾਵਾ ਫੇਫੜਿਆਂ ਦੀ ਬਣਤਰ ਦਾ ਕਿਸੇ ਵਿਅਕਤੀ ਦੇ ਕੋਵਿਡ-19 ਦੇ ਪ੍ਰਤੀ ਸੰਵੇਦਨਸ਼ੀਲਤਾ ’ਤੇ ਵੀ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ।ਆਈ ਆਈ ਟੀ ਮਦਰਾਸ ਦੇ ਡਿਪਾਰਟਮੈਂਟ ਆਫ ਐਪਲਾਈਡ ਮੈਕੇਨਿਕਸ ਦੇ ਪ੍ਰੋਫੈਸਰ ਮਹੇਸ਼ ਪੰਚਾਗਾਨੁਲਾ ਨੇ ਕਿਹਾ, ਖੋਜ ਤੋਂ ਪਤਾ ਲੱਗਾ ਹੈ ਕਿ ਕਣ ਕਿਵੇਂ ਗਹਿਰੇ ਫੇਫੜਿਆਂ ਵਿੱਚ ਪਹੁੰਚਦੇ ਅਤੇ ਜਮ੍ਹਾ ਹੁੰਦੇ ਹਨ। ਪ੍ਰੋਫੈਸਰ ਪੰਚਾਗਾਨੁਲਾ ਨੇ ਕਿਹਾ ਕਿ ਉਨ੍ਹਾਂ ਨੇ ਪਤਾ ਲਾਇਆ ਹੈ ਕਿ ਸਾਹ ਰੋਕ ਕੇ ਰੱਖਣ ਅਤੇ ਘੱਟ ਸਾਹ ਲੈਣ ਦੀ ਦਰ ਨਾਲ ਫੇਫੜਿਆਂ ਵਿੱਚ ਵਾਇਰਸ ਦੇ ਜੰਮਣ ਦੀ ਸੰਭਾਵਨਾ ਵਧ ਸਕਦੀ ਹੈ।

## ਅੰਸਲ ਭਵਨ ਦੀ ਇੱਕ ਜਾਇਦਾਦ ਦਾ ਕਬਜ਼ਾ ਸਰੀਨ ਪਰਵਾਰ ਨੂੰ ਮਿਲ ਗਿਆ

ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਦਿੱਲੀ ਹਾਈਕੋਰਟ ਨੇ ਦੇਸ਼ ਵਿੱਚ ਐਮਰਜੈਂਸੀ ਦੌਰਾਨ ਲੁਟੀਅਨਜ਼ ਖੇਤਰ ਵਿੱਚ ਇੱਕ ਜਾਇਦਾਦ ’ਤੇ ਕਬਜ਼ੇ ਦੇ ਮਾਮਲੇ ਵਿੱਚ ਨੁਕਸਾਨ ਪੂਰਤੀ ਲਈ ਦਾਇਰ ਮੁਕੱਦਮੇ ’ਤੇ ਕੱਲ੍ਹ ਕੇਂਦਰ ਸਰਕਾਰ ਅਤੇ ਡੀ ਓ ਈ ਨੂੰ ਜਵਾਬ ਦੇਣ ਲਈ ਕਿਹਾ ਹੈ। ਇਸ ਮਾਮਲੇ ਵਿੱਚ 94 ਸਾਲ ਦੀ ਇੱਕ ਔਰਤ ਵੀਰਾ ਸਰੀਨ ਦੇ ਬੱਚਿਆਂ ਨੇ ਮੁਕ-ੱਦਮਾ ਦਾਇਰ ਕੀਤਾ ਹੈ। ਸਰੀਨ ਨੇ 1975 ਵਿੱਚ ਉਸ ਵੇਲੇ ਦੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਲਾਈ ਗਈ ਐਮਰਜੈਂਸੀ ਨੂੰ ਗੈਰ-ਕਾਨੂੰਨੀ ਕਰਾਰ ਦੇਣ ਦੀ ਬੇਨਤੀ ਕਰਦੇ ਹੋਏ ਕੁਝ ਸਮਾਂ ਪਹਿਲਾਂ ਹੀ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

ਇਸ ਮੁਕੱਦਮੇ ਵਿੱਚ ਕੇਂਦਰ ਸਰਕਾਰ ਕੋਲੋਂ ਕਸਤੂਰਬਾ ਗਾਂਧੀ ਮਾਰਗ ’ਤੇ ਅੰਸਲ ਭਵਨ ਦੀ ਇੱਕ ਜਾਇਦਾਦ ਨੂੰ ਮਈ 1999 ਤੋਂ ਜੁਲਾਈ 2020 ਤੱਕ ਗੈਰ-ਕਾਨੂੰਨੀ ਢੰਗ ਨਾਲ ਵਰਤਣ, ਉਸ ’ਤੇ ਕਬਜ਼ੇ ਕਾਰਨ ਕਿਰਾਏ ਬਾਰੇ ਹੋਏ ਨੁਕਸਾਨ, ਬਕਾਇਆ ਸੇਵਾ ਸੰਭਾਲ ਖਰਚ ਅਤੇ ਪੈਂਡਿੰਗ ਪ੍ਰਾਪਰਟੀ ਟੈਕਸ ਵਜੋਂ ਕ੍ਰਮਵਾਰ 2.20 ਕਰੋੜ ਰੁਪਏ, 9.89 ਲੱਖ ਰੁਪਏ ਅਤੇ 43.5 ਲੱਖ ਰੁਪਏ ਦੀ ਨੁਕਸਾਨ ਪੂਰਤੀ ਦੀ ਮੰਗ ਕੀਤੀ ਗਈ ਹੈ। ਉਕਤ ਰਕਮ ਲੱਗਭਗ ਢਾਈ ਕਰੋੜ ਰੁਪਏ ਬਣਦੀ ਹੈ। ਪਟੀਸ਼ਨਕਰਤਾਵਾਂ ਰਾਜੀਵ, ਦੀਪਕ ਅਤੇ ਰਾਧਿਕਾ ਸਰੀਨ ਨੇ ਕਿਹਾ ਕਿ ਉਹ ਉਕਤ ਜਾਇਦਾਦ ਦੇ ਮਾਲਕ ਹਨ। ਉਸ ’ਤੇ ਅਧਿਕਾਰੀਆਂ ਨੇ 1998 ਵਿੱਚ ‘ਸਾਫੇਮਾ’ਤਹਿਤ ਕੰਟਰੋਲ ਕਰ ਲਿਆ ਅਤੇ ਇਸ ਨੂੰ ਡੀ ਓ ਈ ਨੂੰ ਕਿਰਾਏ ’ਤੇ ਦੇ ਦਿੱਤਾ ਗਿਆ ਸੀ। ਡੀ ਓ ਈ ਨੇ 1 ਮਈ 1999 ਤੋਂ ਪਟੀਸ਼ਨਰਾਂ ਨੂੰ ਕਿਰਾਏ ਦਾ ਭੁਗਤਾਨ ਕਰਨਾ ਬੰਦ ਕਰ ਦਿੱਤਾ ਸੀ। ਦਿੱਲੀ ਹਾਈ ਕੋਰਟ ਨੇ ਦਸੰਬਰ 2014 ਵਿੱਚ ਉਕਤ ਜਾਇਦਾਦ ’ਤੇ ਸਰਕਾਰ ਦੇ ਕਬਜ਼ੇ ਨੂੰ ਰੱਦ ਕਰ ਦਿੱਤਾ ਸੀ। ਸਰੀਨ ਪਰਵਾਰ ਦੇ ਕਈ ਯਤਨਾਂ ਦੇ ਬਾਵਜੂਦ ਅਧਿਕਾਰੀ ਉਨ੍ਹਾਂ ਨੂੰ ਜਾਇਦਾਦ ਵਾਪਸ ਨਹੀਂ ਕਰ ਰਹੇ ਸਨ। ਹਾਈ ਕੋਰਟ ਦੇ ਜੂਨ 2020 ਦੇ ਹੁਕਮ ਮੁਤਾਬਕ ਸਰੀਨ ਨੂੰ ਜੁਲਾਈ 2020 ਵਿੱਚ ਜਾਇਦਾਦ ਦਾ ਕਬਜ਼ਾ ਮਿਲਿਆ ਸੀ। ਮਾਮਲੇ ਦੀ ਅੱਗੋਂ ਸੁਣਵਾਈ 26 ਅਪ੍ਰੈਲ ਨੂੰ ਹੋਵੇਗੀ।

# ਅਭੈ ਚੌਟਾਲਾ ਵੱਲੋਂ ਵਿਧਾਨ ਸਭਾ ਸਪੀਕਰ ਨੂੰ ਮੈਂਬਰੀ ਤੋਂ ਅਸਤੀਫ਼ੇ ਦੀ ਚਿੱਠੀ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ)- ਦਿੱਲੀ ਦੀਆਂ ਸਰਹੱਦਾਂ ਉਤੇ ਕਿਸਾਨ ਹੱਡ ਚੀਰਵੀਂ ਠੰਢ ਵਿੱਚ ਵੀ ਡਟੇ ਹੋਏ ਹਨ। ਪਰਸੋਂ ਹਰਿਆਣਾ



ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੀ ਰੈਲੀ ਵਿੱਚ ਕਿਸਾਨਾਂ ਦਾ ਗੁੱਸਾ ਵੇਖਣ ਨੂੰ ਮਿਲਿਆ। ਕਿਸਾਨਾਂ ਦੇ ਅਜਿਹੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਇੰਡੀਅਨ ਨੈਸ਼ਨਲ ਲੋਕ ਦਲ ਦੇ ਵਿਧਾਇਕ ਅਭੈ ਸਿੰਘ ਚੌਟਾਲਾ ਨੇ ਵੀ ਖੇਤੀ ਕਾਨੂੰਨਾਂ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ।

ਅਭੈ ਚੌਟਾਲਾ ਨੇ ਵਿਧਾਨ ਸਭਾ ਸਪੀਕਰ ਨੂੰ ਇੱਕ ਚਿੱਠੀ ਲਿਖ ਕੇ ਵਿਧਾਨ ਸਭਾ ਮੈਂਬਰੀ ਤੋਂ ਅਸਤੀਫ਼ੇ ਦਾ ਐਲਾਨ ਕੀਤਾ ਹੈ। ਚਿੱਠੀ ’ਚ ਚੌਟਾਲਾ ਨੇ ਲਿਖਿਆ ਹੈ ਕਿ ਜੇ 26 ਜਨਵਰੀ ਤੱਕ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ ਵਾਪਸ ਨਹੀਂ ਲੈਂਦੀ ਤਾਂ ਚਿੱਠੀ ਨੂੰ ਉਨ੍ਹਾਂ ਦਾ ਅਸਤੀਫ਼ਾ ਸਮਝਿਆ ਜਾਵੇ। ਉਨ੍ਹਾਂ ਨੇ ਚਿੱਠੀ ਵਿੱਚ ਸਪੀਕਰ ਨੂੰ ਸੰਬੋਧਨ ਕਰ ਕੇ ਲਿਖਿਆ ਹੈ ਕਿ ਚੌਧਰੀ ਦੇਵੀਲਾਲ ਜੀ ਨੇ ਹਮੇਸ਼ਾ ਕਿਸਾਨਾਂ ਲਈ ਸੰਘਰਸ਼ ਕੀਤਾ ਹੈ। ਅੱਜ ਦੇ ਹਾਲਾਤ ਵਿੱਚ ਉਸ ਵਿਰਾਸਤ ਦਾ ਮੈਂ ਰਖਵਾਲਾ ਹਾਂ। ਖੇਤੀ ਕਾਨੂੰਨਾਂ ਦਾ ਦੇਸ਼ ਭਰ ਵਿੱਚ ਵਿਰੋਧ ਹੋ ਰਿਹਾ ਹੈ। ਕੜਾਕੇ ਦੀ ਠੰਢ ’ਚ 47 ਦਿਨਾਂ ਤੋਂ ਕਿਸਾਨ ਪ੍ਰਦਰਸ਼ਨ ਕਰ ਰਹੇ ਹਨ। ਇਸ ਦੌਰਾਨ 60 ਤੋਂ ਵਧੇਰੇ ਕਿਸਾਨ ਸ਼ਹੀਦ ਹੋ ਚੁੱਕੇ ਹਨ।

# ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਇਤਿਹਾਸ ਨੂੰ ਤਤਕਾਲੀ ਪ੍ਰਕਾਸ਼ਨਾਵਾਂ ਦੇ ਅਧਾਰ ’ਤੇ ਸੰਗ੍ਰਹਿਤ ਕਰਾਂਗੇ : ਬੀਬੀ ਜਗੀਰ ਕੌਰ

ਅੰਮ੍ਰਿਤਸਰ, 12 ਜਨਵਰੀ (ਗਿਆਨ ਸਿੰਘ ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਅਤੇ ਗੁਰਦੁ-ਆਰਾ ਸੁਧਾਰ ਲਹਿਰ ਨਾਲ ਸਬੰਧਤ ਇਤਿਹਾਸ ਨੂੰ ਤਤਕਾਲੀ ਪ੍ਰਕਾਸ਼ਨਾਵਾਂ ਦੇ ਅਧਾਰ ’ਤੇ ਛਾਪਿਆ ਜਾਵੇਗਾ। ਇਸ ਤੋਂ ਇਲਾਵਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਅਤੇ ਸ੍ਰੀ ਨਨਕਾਣਾ ਸਾਹਿਬ ਸਾਕੇ ਦੇ ਸੌ ਸਾਲਾ ਦਿਹਾੜੇ ਨੂੰ ਸਮਰਪਿਤ ਵੀ ਵਿਸ਼ੇਸ਼ ਖੋਜ ਕਾਰਜ ਕਰਵਾ ਕੇ ਪ੍ਰਕਾਸ਼ਤ ਕੀਤੇ ਜਾਣਗੇ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਿੱਖ ਬੁੱਧੀਜੀਵੀਆਂ ਨਾਲ ਵਿਸ਼ੇਸ਼ ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੀ ਕੀਤੀ।



ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਇਤਿਹਾਸ ਨਾਲ ਸਬੰਧਤ ਪੁਰਾਤਨ ਕਿਤਾਬਾਂ ਦੀ ਪੁਨਰ ਪ੍ਰਕਾਸ਼ਨਾ ਅਤੇ ਆ ਰਹੇ ਸ਼ਤਾਬਦੀ ਦਿਹਾੜਿਆਂ ਸਬੰਧੀ ਸਿੱਖ ਬੁੱਧੀਜੀਵੀਆਂ ਨੇ ਵਡਮੁੱਲੇ ਵਿਚਾਰ ਦਿੱਤੇ ਹਨ, ਜਿਨ੍ਹਾਂ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਹੈ ਅਤੇ ਇਸ ਦੀਆਂ ਤਰਜੀਹਾਂ ਗੁਰਦੁਆਰਾ ਪ੍ਰਬੰਧਾਂ ਦੇ ਨਾਲ-ਨਾਲ ਸਿੱਖੀ ਪ੍ਰਚਾਰ ਕਰਨਾ ਹੈ। ਮੌਜੂਦਾ ਸਮੇਂ ਬਹੁਤ ਸਾਰੀਆਂ ਪ੍ਰਕਾਸ਼ਨਾਵਾਂ ਦੀ ਮੁੜ ਛਪਾਈ ਕਰਨਯੋਗ ਹੈ, ਜਿਸ ਲਈ ਬੁੱਧੀਜੀਵੀਆਂ ਵੱਲੋਂ ਦਿੱਤੀ ਗਈ ਮੁਲਵਾਨ ਰਾਏ ਅਨੁਸਾਰ ਕਾਰਜ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਿਹੜੀਆਂ ਕਿਤਾਬਾਂ ਛਾਪੀਆਂ ਜਾਣਗੀਆਂ, ਉਨ੍ਹਾਂ ਨੂੰ ਡਿਜ਼ੀਟਲ ਰੂਪ ਵਿਚ ਵੈੱਬਸਾਈਟ ’ਤੇ ਵੀ ਪਾਇਆ ਜਾਵੇਗਾ, ਤਾਂ ਜੋ ਵੱਧ ਤੋਂ ਵੱਧ ਪਾਠਕਾਂ ਤੱਕ ਪੁੱਜ ਸਕਣ। ਉਨ੍ਹਾਂ ਜਾਣਕਾਰੀ ਦਿੱਤੀ ਕਿ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਨੂੰ ਨਵੇਂ ਰੂਪ ਵਿਚ ਤਿਆਰ ਕੀਤਾ ਜਾ ਰਿਹਾ ਹੈ, ਜਿਸ ’ਤੇ ਸਿੱਖ ਇਤਿਹਾਸ ਨਾਲ ਸਬੰਧਤ ਜਾਣਕਾਰੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸੌ ਸਾਲਾ ਇਤਿਹਾਸ ਨੂੰ ਵੀ ਛਾਇਆ ਕੀਤਾ ਜਾਵੇਗਾ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਜਲਦ ਹੀ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਕਾਰਜਾਂ ਨੂੰ ਨਤੀਜਾ ਮੁਖੀ ਬਨਾਉਣ ਲਈ ਧਾਰਮਿਕ ਸਲਾਹਕਾਰ ਕਮੇਟੀ ਦਾ ਵੀ ਗਠਨ ਕਰੇਗੀ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਿੱਖ ਨੌਜੁਆਨਾਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਤਿਆਰ ਕਰਨ ਵਾਸਤੇ ਕੇਂਦਰ ਖੋਲ੍ਹਣ ਦੀ ਯੋਜਨਾ ਹੈ। ਇਹ ਕੇਂਦਰ ਆਈਏਐਸ, ਆਈਪੀਐਸ ਤੇ ਪੀਸੀਐਸ ਆਦਿ ਪ੍ਰੀਖਿਆਵਾਂ ਲਈ ਸਿੱਖ ਵਿਦਿਆਰਥੀਆਂ ਨੂੰ ਤਿਆਰ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਯੋਗਦਾਨ ਪਾਉਣ ਲਈ ਕਈ ਸਿੱਖਾਂ ਨੇ ਪੇਸ਼ਕਸ਼ ਕੀਤੀ ਹੈ ਅਤੇ ਜਲਦ ਹੀ ਇਸ ਬਾਰੇ ਵੀ ਫੈਸਲਾ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਪ੍ਰਚਾਰਕ ਅਤੇ ਰਾਗੀ ਤਿਆਰ ਕਰਨ ਲਈ ਚੱਲ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਧਾਰਮਿਕ ਸੰਸਥਾਵਾਂ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇਗਾ। ਇਸ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਧਾਰਮਿਕ ਕੋਰਸਾਂ ਦੇ ਨਾਲ-ਨਾਲ ਬੀਏ ਅਤੇ ਐਮਏ ਪੱਧਰ ਤੱਕ ਦੀ ਪੜ੍ਹਾਈ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਵੱਖ-ਵੱਖ ਯੂਨੀਵਰਸਿਟੀਆਂ ਦੇ ਸਿੱਖ ਖੋਜਾਰਥੀਆਂ ਨੂੰ ਸ਼੍ਰੋਮਣੀ ਕਮੇਟੀ ਰਫਰੈਂਸ਼ਰ ਕੋਰਸ ਲਗਾ ਕੇ ਦੇਸ਼ ਵਿਦੇਸ਼ ਅੰਦਰ ਸਿੱਖੀ ਪ੍ਰਚਾਰ ਲਈ ਭੇਜੇਗੀ।

ਇਕੱਤਰਤਾ ’ਚ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵਡ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਸ. ਹਰਜਾਪ ਸਿੰਘ ਸੁਲਤਾਨਵਿੰਡ, ਬੀਬੀ ਕਿਰਨਜੋਤ ਕੌਰ, ਸਾਬਕਾ ਵੀ.ਸੀ. ਡਾ. ਐਸ.ਪੀ. ਸਿੰਘ, ਡਾ. ਇੰਦਰਜੀਤ ਗੋਗੋਆਣੀ, ਡਾ. ਇੰਦਰਪਾਲ ਸਿੰਘ, ਡਾ. ਅਮਰਜੀਤ ਸਿੰਘ, ਸ. ਪ੍ਰਿਥੀ ਸਿੰਘ, ਸ. ਗੁਰਚਰਨ ਸਿੰਘ, ਡਾ. ਦਲਵਿੰਦਰ ਸਿੰਘ ਗਰੇਵਾਲ, ਪ੍ਰਿੰਸੀਪਲ ਮਹਿਲ ਸਿੰਘ, ਡਾ. ਆਸਾ ਸਿੰਘ ਘੁੰਮਣ, ਡਾ. ਬਲਵੰਤ ਸਿੰਘ ਮੱਲ੍ਹੀ, ਡਾ. ਸਵਿੰਦਰ ਸਿੰਘ, ਸ. ਭਗਵਾਨ ਸਿੰਘ ਜੌਹਲ, ਸ. ਤਲਵਿੰਦਰ ਸਿੰਘ ਬੁੱਟਰ, ਡਾ. ਧਰਮ ਸਿੰਘ, ਡਾ. ਕੁਲਵਿੰਦਰ ਸਿੰਘ ਬਾਜਵਾ, ਸ. ਨਵਤੇਜ ਸਿੰਘ, ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਅਜੀਤ ਸਿੰਘ, ਪ੍ਰਿੰ: ਮਨਜੀਤ ਕੌਰ, ਸ. ਸੁਰਿੰਦਰ ਸਿੰਘ ਨਿਮਾਣਾ, ਡਾ. ਅਮਰਜੀਤ ਕੌਰ, ਸ. ਜਗਦੀਪ ਸਿੰਘ, ਡਾ. ਅਮਰੀਕ ਸਿੰਘ ਲਤੀਫਪੁਰ, ਡਾ. ਸੁਖਬੀਰ ਸਿੰਘ, ਡਾ. ਗੁਰਤੇਜ ਸਿੰਘ ਠੀਕਰੀਵਾਲਾ, ਡਾ. ਸਤਿੰਦਰ ਸਿੰਘ, ਐਡਵੋਕੇਟ ਸੁਖਬੀਰ ਸਿੰਘ, ਡਾ. ਪਰਮਜੀਤ ਸਿੰਘ ਮਾਨਸਾ, ਡਾ. ਪ੍ਰਮਿੰਦਰ ਸਿੰਘ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਆਦਿ ਮੌਜੂਦ ਸਨ।

## ਕਿਸਾਨਾਂ ਦੀ ਅਵਾਜ਼ ਸੁਣਨ ਪ੍ਰਧਾਨ ਮੰਤਰੀ: ਬੀਬੀ ਜਗੀਰ ਕੌਰ

ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਕਿਸਾਨਾਂ ਬਾਰੇ ਗੱਲ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਦੇਸ਼ ਦੀ ਬਾਸ਼ਿੰਦੇ ਆਪਣਾ ਕੰਮਕਾਜ ਛੱਡ ਕੇ ਸੜਕਾਂ ’ਤੇ ਬੈਠੇ ਹੋਏ ਹਨ, ਜਿਨ੍ਹਾਂ ਦਾ ਮਸਲਾ ਹੱਲ ਕਰਨਾ ਕੇਂਦਰ ਸਰਕਾਰ ਦਾ ਫ਼ਰਜ਼ ਹੈ। ਇਸ ਲਈ ਪ੍ਰਧਾਨ ਮੰਤਰੀ ਨੂੰ ਆਪਣੇ ਫ਼ਰਜ਼ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਖੇ ਬੈਠੇ ਕਿਸਾਨਾਂ ਦੀ ਅਵਾਜ਼ ਪੂਰੇ ਵਿਸ਼ਵ ਤੱਕ ਪੁੱਜੀ ਹੋਈ ਹੈ, ਪਰੰਤੂ ਹੈਰਾਨੀ ਦੀ ਗੱਲ ਹੈ ਕਿ ਦਿੱਲੀ ਬੈਠੇ ਪ੍ਰਧਾਨ ਮੰਤਰੀ ਨੂੰ ਨਹੀਂ ਸੁਣ ਰਹੀ। ਬੀਬੀ ਜਗੀਰ ਕੌਰ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਦਿੱਤੇ ਗਏ ਨਿਰਦੇਸ਼ ਬਾਰੇ ਗੱਲ ਕਰਦਿਆਂ ਕਿਹਾ ਕਿ ਭਾਈ ਰਾਜੋਆਣਾ ਸਮੇਤ ਉਨ੍ਹਾਂ ਸਾਰੇ ਸਿੱਖਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਲੰਮਾ ਸਮਾਂ ਜ਼ੇਲ੍ਹਾਂ ਵਿਚ ਬਿਤਾਇਆ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਸੀ ਅਤੇ ਹੁਣ ਨੌਵੇਂ ਪਾਤਸ਼ਾਹ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਸਰਕਾਰ ਨੂੰ ਆਪਣੇ ਵਚਨ ਨਿਭਾਉਣਾ ਚਾਹੀਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)

416-454-3031

647-784-8240

Email: tochisangha1@hotmail.com

## ਅੱਜ ਨਾਮਾ >>


ਧਰਨੇ ਉੱਤੇ ਆ ਜਿਹੜੇ ਕਿਰਸਾਨ ਬੈਠੇ,
ਬਾਹਲੀ ਉਨ੍ਹਾਂ ਨੇ ਰੱਖੀਸੀ ਆਸ ਮੀਆਂ।
ਕਰਦੀ ਕੇਂਦਰ ਸਰਕਾਰ ਨਾ ਬਾਤ ਸਿੱਧੀ,
ਉਸ ਦਾ ਕਿਹਾ ਨਾ ਆਂਵਦਾ ਰਾਸ ਮੀਆਂ।
ਸਾਰੇ ਪੈਂਤੜੇ ਉਲਟ ਹਨ ਕਿਰਤੀਆਂ ਦੇ,
ਦੇ ਰਹੀ ਗੱਲਾਂ ਦੇ ਨਾਲ ਧਰਵਾਸ ਮੀਆਂ।
ਕਰਦੀ ਬੈਠਕਾਂ, ਚੁਸਤੀਆਂ ਵਰਤਦੀ ਤਾਂ,
ਉਸ ਦੇ ਕਹੇ ਦਾ ਨਹੀਂ ਵਿਸ਼ਵਾਸ ਮੀਆਂ।
ਜਿਹੜੀ ਆਸ ਕੁਝ ਬਾਕੀ ਸੀ ਬੈਠਕਾਂ ਤੋਂ,
ਉਹ ਵੀ ਜਾਪਦੀ ਟੁੱਟ ਗਈ ਅੱਜ ਮੀਆਂ।
ਘੇਰਿਆ ਪਿਆ ਕਿਸਾਨੀ ਨੂੰ ਚਾਰ ਤਰਫੋਂ,
ਲਾਹੀ ਲੁਟੇਰਿਆਂ ਨੇ ਲੱਗਦੀ ਲੱਜ ਮੀਆਂ।

**ਤੀਸ ਮਾਰ ਖਾਂ**

# ਸੁਪਰੀਮ ਕੋਰਟ ਨੇ ਨਵੇਂ ਖੇਤੀ ਕਾਨੂੰਨਾਂ ਬਾਰੇ ਚਾਰ ਮੈਂਬਰੀ ਕਮੇਟੀ ਬਣਾ ਧਰੀ

### * ਕਮੇਟੀ ਰਿਪੋਰਟ ਮਿਲਣ ਤੱਕ ਨਵੇਂ ਕਾਨੂੰਨ ਲਾਗੂ ਕਰਨ ਉੱਤੇ ਰੋਕ

ਨਵੀਂ ਦਿੱਲੀ, 12 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨ ਲਾਗੂ ਕਰਨ ਉੱਤੇਸੁਪਰੀਮ ਕੋਰਟ ਨੇ ਅੱਜ ਮੰਗਲਵਾਰ ਨੂੰ ਰੋਕ ਲਾ ਦਿੱਤੀ ਅਤੇ ਕਿਹਾ ਹੈ ਕਿ ਅਗਲੇ ਹੁਕਮਾਂ ਤੱਕਇਹ ਕਾਨੂੰਨ ਲਾਗੂ ਨਹੀਂ ਹੋਣਗੇ। ਅਦਾਲਤ ਦੇ ਇਨ੍ਹਾਂ ਹੁਕਮਾਂ ਤੋਂ ਬਾਅਦ ਕਾਨੂੰਨਾਂ ਦਾ ਅਮਲ ਰੁਕ ਗਿਆ ਹੈ। ਇਸ ਦੇ ਨਾਲ ਅਦਾਲਤ ਨੇ ਚਾਰ ਮੈਂਬਰਾਂ ਦੀ ਇੱਕ ਕਮੇਟੀ ਬਣਾ ਕੇ ਉਸ ਨੂੰ ਇਨ੍ਹਾਂ ਕਾਨੂੰਨਾਂ ਬਾਰੇ ਰਿਪੋਰਟ ਦੇਣ ਨੂੰ ਕਹਿ ਦਿੱਤਾ ਹੈ।



ਅੱਜ ਦੀ ਅਦਾਲਤੀ ਕਾਰਵਾਈ ਦੇ ਬਾਅਦ ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਦੇ ਮਾਮਲੇ ਉੱਤੇ ਕਿਸਾਨਾਂ ਦੇ ਵਿਰੋਧ ਕਾਰਨ ਪੈਦਾ ਹੋਏ ਹਾਲਾਤ ਵਿੱਚਇਨ੍ਹਾਂ ਕਾਨੂੰਨਾਂ ਉੱਤੇ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀਤੇ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ ਹੈ, ਜਿਸਵਿੱਚ ਭੁਪਿੰਦਰ ਸਿੰਘ ਮਾਨ, ਪ੍ਰਮੋਦ ਕੁਮਾਰ ਜੋਸ਼ੀ, ਅਸ਼ੋਕ ਗੁਲਾਟੀ ਤੇ ਅਨਿਲ ਧਨਵਤ ਮੈਂਬਰ ਲਏ ਗਏ ਹਨ। ਅਦਾਲਤ ਦੇ ਹੁਕਮ ਮੁਤਾਬਕ ਇਹ ਕਮੇਟੀ ਉਨ੍ਹਾਂ ਖੇਤੀ ਕਾਨੂੰਨਾਂ ਦੀ ਘੋਖ ਕਰੇਗੀ ਅਤੇ ਇਸ ਅੱਗੇ ਕੋਈ ਵਿਅਕਤੀ ਵੀ ਆਪਣੇ ਰਾਏ ਰੱਖ ਸਕਦਾ ਹੈ। ਇਹ ਫੈਸਲਾ ਐਲਾਨਣ ਤੋਂ ਪਹਿਲਾਂ ਅਦਾਲਤ ਨੇ ਇਸ ਕੇਸ ਦੀ ਸੁਣਵਾਈ ਕਰਦੇ ਹੋਏ ਅੱਜ ਭਾਰਤ ਸਰਕਾਰ ਦੇ ਤਿੰਨਾਂ ਕਾਨੂੰਨਾਂ ਬਾਰੇ ਕੁਝ ਸਵਾਲ ਵੀ ਉਠਾਏ ਤੇ ਇਸ ਸੁਣਵਾਈ ਮੌਕੇ ਕਿਸਾਨ ਜਥੇਬੰਦੀਆਂ ਦੇ ਵਕੀਲ ਨਾ ਪਹੁੰਚਣ ਉਤੇ ਅਦਾਲਤ ਨੇ ਚਿੰਤਾ ਵੀ ਜ਼ਾਹਿਰ ਕੀਤੀ।ਕੋਰਟ ਨੇ ਅੱਜ ਬਣਾਈ ਚਾਰ ਮੈਂਬਰੀ ਬਾਰੇ ਕਿਹਾ ਹੈ ਕਿ ਇਹ ਕਮੇਟੀ 10 ਦਿਨਾਂ ਵਿੱਚ ਕਿਸਾਨਾਂ ਨਾਲ ਮੀਟਿੰਗ ਕਰ ਕੇ ਪਤਾ ਕਰੇਗੀ ਕਿਕਿਸਾਨ ਕੀ ਚਾਹੁੰਦੇ ਹਨ ਅਤੇ ਸਾਰੇ ਮੁੱਦਿਆਂ ਉੱਤੇ ਰਿਪੋਰਟ ਬਣਾ ਕੇ 2 ਮਹੀਨਿਆਂ ਬਾਅਦ ਅਦਾਲਤ ਵਿਚ ਪੇਸ਼ ਕਰੇਗੀ।

ਖੇਤੀਬਾੜੀ ਕਾਨੂੰਨਾਂ ਬਾਰੇ ਅੱਜ ਅਦਾਲਤ ਦੇ ਲਿਖਤੀ ਹੁਕਮ ਵਿਚ ਕਿਹਾ ਗਿਆ ਹੈ ਕਿ ਅਗਲੇ ਹੁਕਮ ਤਕ ਤਿੰਨਾਂ ਨਵੇਂ ਖੇਤੀਬਾੜੀ ਕਾਨੂੰਨਾਂ ਉੱਤੇ ਪਾਬੰਦੀ ਲਾਈ ਜਾਂਦੀ ਹੈ ਅਤੇ ਇਸ ਵਕਤ ਚੱਲ ਰਿਹਾ ਫਸਲਾਂ ਦੀ ਖਰੀਦ ਦਾ ਘੱਟੋ-ਘੱਟੋ ਖਰੀਦ ਕੀਮਤ (ਐੱਮ ਐੱਸ ਪੀ) ਵਾਲਾ ਸਿਸਟਮ ਵੀਓਦੋਂ ਤੱਕ ਜਾਰੀ ਰਹੇਗਾ।ਅਦਾਲਤ ਨੇ ਆਪਣੇ ਹੁਕਮਵਿੱਚਸਾਫ ਕਿਹਾ ਹੈ ਕਿ ਕਿਸਾਨਾਂ ਦੀ ਜ਼ਮੀਨ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਤੇਇਹ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਵੀ ਕਿਸਾਨ ਨਵੇਂ ਖੇਤੀਬਾੜੀ ਕਾਨੂੰਨ ਦੇਕਾਰਨ ਆਪਣੀ ਜ਼ਮੀਨ ਨਹੀਂ ਗੁਆਏਗਾ।

ਕਿਸਾਨ ਜਥੇਬੰਦੀਆਂ ਨੇ ਕਾਨੂੰਨਾਂ ਉਤੇ ਰੋਕ ਦਾ ਸਵਾਗਤ ਕੀਤਾ ਹੈ, ਪਰ ਨਾਲ ਕਿਹਾ ਹੈ ਕਿ ਕਾਨੂੰਨ ਰੱਦ ਕਰਨ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਨੇ ਅਦਾਲਤ ਵੱਲੋਂ ਬਣਾਈ ਕਮੇਟੀ ਨੂੰ ਵੀ ਪ੍ਰਵਾਨ ਨਹੀਂ ਕੀਤਾ।

## ਹਿੰਸਾ ਦੇ ਸ਼ੱਕ ਕਾਰਨ ਰਾਸ਼ਟਰਪਤੀ ਟਰੰਪ ਦੇ ਹੁਕਮ ਉੱਤੇ ਵਾਸ਼ਿੰਗਟਨ ਵਿੱਚ ਐਮਰਜੈਂਸੀ ਲਾਗੂ

ਵਾਸ਼ਿੰਗਟਨ, 12 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਰਾਜਧਾਨੀਵਿੱਚ ਐਮਰਜੈਂਸੀ ਲਾਉਣ ਦਾ ਹੁਕਮ ਜਾਰੀ ਕੀਤਾ ਹੈ ਅਤੇ ਇਹ ਕਦਮ ਆਉਣ ਵਾਲੇ ਦਿਨਾਂਵਿੱਚ ਹਿੰਸਾ ਹੋਣ ਦੇ ਸ਼ੱਕ ਕਾਰਨ ਚੁੱਕਿਆ ਗਿਆ ਹੈ। ਵਾਸ਼ਿੰਗਟਨ ਡੀਸੀਵਿੱਚ ਲਾਗੂ ਕੀਤਾਗਿਆ ਇਹ ਐਮਰਜੈਂਸੀ ਹੁਕਮ ਅਗਲੀ 24 ਜਨਵਰੀ ਤਕ ਲਾਗੂ ਰਹੇਗਾ।

ਵਰਨਣ ਯੋਗ ਹੈ ਕਿ ਜੋਅ ਬਾਇਡਨ 20 ਨੂੰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣਗੇ ਅਤੇ ਉਨ੍ਹਾਂ ਦੇ ਨਾਲ ਭਾਰਤੀ ਮੂਲ ਦੀ ਕਮਲਾ ਹੈਰਿਸ ਉਪ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ। ਖੁਫੀਆ ਏਜੰਸੀ ਐੱਫਬੀਆਈ ਨੇ ਖ਼ੁਫੀਆ ਸੂਚਨਾ ਦੇ ਆਧਾਰ ਉੱਤੇ ਵਾਸ਼ਿੰਗਟਨ ਅਤੇ ਅਮਰੀਕਾ ਦੇ 50 ਰਾਜਾਂ ਦੀਆਂ ਰਾਜਧਾਨੀਆਂਵਿੱਚ ਹਥਿਆਰਬੰਦ ਹਿੰਸਾ ਹੋਣ ਬਾਰੇ ਚਿਤਾਵਨੀ ਦਿੱਤੀ ਸੀ, ਜਿਸ ਪਿੱਛੋਂ ਐਮਰਜੈਂਸੀ ਲਾਈ ਗਈ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਨੇ ਸੋਮਵਾਰ ਇਕ ਬਿਆਨਵਿੱਚਦੱਸਿਆ ਕਿ ਰਾਸ਼ਟਰਪਤੀ ਦੇ ਹੁਕਮ ਤੋਂ ਬਾਅਦ ਅੰਦਰੂਨੀ



ਸੁਰੱਖਿਆ ਵਿਭਾਗ ਤੇ ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ ਨੂੰ ਸਥਾਨਕ ਅਧਿਕਾਰੀਆਂ ਨਾਲ ਲੋੜ ਮੁਤਾਬਕ ਤਾਲਮੇਲ ਕਰਨ ਦੀ ਆਗਿਆ ਦੇ ਦਿੱਤੀ ਗਈ ਹੈ। ਇਸ ਦੌਰਾਨ ਐੱਫਬੀਆਈ ਨੇ ਦੱਸਿਆ ਕਿ ਸਾਰੇ ਰਾਜਾਂ ਦੀਆਂ ਰਾਜਧਾਨੀਆਂਵਿੱਚ 16 ਤੋਂ 20 ਜਨਵਰੀ ਦੇ ਦੌਰਾਨ ਹਥਿਆਰਬੰਦ ਮੁਜ਼ਾਹਰਿਆਂ ਦੀ ਸਾਜ਼ਿਸ਼ ਰਚੀ ਗਈ ਹੈ ਅਤੇ ਵਾਸ਼ਿੰਗਟਨ ਵਿੱਚ ਪਾਰਲੀਮੈਂਟ ਕੰਪਲੈਕਸਵਿੱਚ 17 ਤੋਂ 20 ਜਨਵਰੀ ਤਕ ਇਹੋ ਜਿਹੇ ਪ੍ਰਦਰਸ਼ਨ ਦੀ ਤਿਆਰੀ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਕਸਾਉਣ ਉੱਤੇ ਬੀਤੀ ਛੇ ਜਨਵਰੀ ਨੂੰ ਉਸ ਦੇ ਹਜ਼ਾਰਾਂ ਸਮਰਥਕਾਂ ਨੇ ਪਾਰਲੀਮੈਂਟ ਕੰਪਲੈਕਸ ਉੱਤੇ ਹਮਲਾ ਕੀਤਾ ਸੀ ਤੇ ਕਰੀਬ ਚਾਰ ਘੰਟੇ ਚੱਲੀ ਹੁੱਲੜਬਾਜ਼ੀ ਦੌਰਾਨ ਭੰਨਤੋੜ ਤੇ ਗੋਲ਼ੀਬਾਰੀ ਹੋਣ ਨਾਲ ਪੰਜ ਲੋਕਾਂ ਦੀ ਮੌਤ ਹੋਈ ਸੀ।

## ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਦੇ ਮੈਂਬਰਾਂ ਦਾ ਰਿਕਾਰਡ ਇਹ ਕੁਝ ਬੋਲਦੈ



ਨਵੀਂ ਦਿੱਲੀ, 12 ਜਨਵਰੀ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਖੇਤੀਬਾੜੀ ਕਾਨੂੰਨਾਂ ਉੱਤੇ ਗੱਲਬਾਤ ਕਰਨ ਅਤੇ ਮਸਲੇ ਨੂੰ ਸੁਲਝਾਉਣ ਲਈ ਜਿਹੜੀ ਚਾਰ ਮੈਬਰੀ ਕਮੇਟੀ ਬਣਾਈ ਹੈ, ਉਸ ਦਾ ਰਿਕਾਰਡ ਵੀ ਲੁਕਿਆ ਨਹੀਂ ਰਹਿ ਸਕਿਆ ਅਤੇ ਅੱਜ ਹੀ ਸਾਹਮਣੇ ਆ ਗਿਆ ਹੈ ਕਿ ਇਹ ਲੋਕ ਕਮੇਟੀ ਮੈਂਬਰਕਿਉਂ ਬਣਾਏ ਗਏ ਹਨ।

ਇਸ ਕਮੇਟੀ ਵਿੱਚ ਇੱਕ ਮੈਂਬਰ ਅਸ਼ੋਕ ਗੁਲਾਟੀ ਐਗਰੀਕਲਚਰ ਇਕੋਨਾਮਿਸਟ ਹਨ ਤੇ ਉਹ ਇੰਡੀਅਨ ਕੌਂਸਲ ਫਾਰ ਰਿਸਰਚ ਆਨ ਇੰਟਰਨੈਸ਼ਨਲ ਇਕੋਨ-ਾਮਿਕ ਰਿਲੇਸ਼ਨ ਦੇ ਪ੍ਰੋਫੈਸਰ ਹੋਣ ਦੇ ਨਾਲ ਭਾਰਤਦੇ ਨੀਤੀ ਕਮਿਸ਼ਨ ਤਹਿਤ ਪ੍ਰਧਾਨਮੰਤਰੀ ਨਰਿੰਦਰ ਮੋਦੀ ਵਲੋਂ ਬਣਾਈ ਐਗਰੀਕਲਚਰ ਟਾਸਕ ਫੋਰਸ ਦੇ ਮੈਂਬਰ ਅਤੇ ਖੇਤੀਬਾੜੀ ਬਾਜ਼ਾਰ ਸੁਧਾਰ ਉੱਤੇ ਬਣੇ ਐਕਸਪਰਟ ਪੈਨਲ ਦੇ ਪ੍ਰਧਾਨ ਹਨ। ਉਹ ਨਵੇਂ ਖੇਤੀਬਾੜੀ ਕਾਨੂੰਨ ਨੂੰ ਕਿਸਾਨਾਂ ਦੇ ਲਈ ਲਾਹੇਵੰਦ ਦੱਸਦੇ ਰਹੇ ਹਨ ਅਤੇ ਪਿਛਲੇ ਸਾਲ ਸਤੰਬਰ ਵਿੱਚਇੱਕ ਅੰਗਰੇਜ਼ੀ ਅਖਬਾਰ ਵਿੱਚ ਆਪਣੇ ਲੇਖ ਵਿੱਚ ਉਨ੍ਹਾਂ ਲਿਖਿਆ ਸੀ ਕਿ ਇਹ ਕਾਨੂੰਨ ਕਿਸਾਨਾਂ ਨੂੰ ਬਹੁਤ ਜ਼ਿਆਦਾ ਨਵੇਂ ਬਦਲ ਅਤੇ ਆਜ਼ਾਦੀ ਦਿਵਾ ਦੇਣਗੇ।

ਦੂਸਰੇ ਮੈਂਬਰ ਡਾਕਟਰ ਪ੍ਰਮੋਦ ਕੁਮਾਰ ਜੋਸ਼ੀ ਕਾਂਟਰੈਕਟ ਫਾਰਮਿੰਗ ਨੂੰ ਲਾਹੇਵੰਦਕਹਿ ਚੁੱਕੇ ਹਨ।ਉਹ ਵੀ ਭਾਰਤ ਦੇ ਐਗਰੀਕਲਚਰ ਇਕੋਨ-ਾਮਿਸਟ ਹਨ ਅਤੇ ਸਾਊਥ ਏਸ਼ੀਆ ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਦੇ ਡਾਇਰੈਕਟਰ ਹਨ ਅਤੇ ਉਨ੍ਹਾਂ ਨੇ 2017 ਵਿੱਚਇੱਕ ਅੰਗਰੇਜ਼ੀ ਅਖਬਾਰ ਵਿੱਚ ਲਿਖੇ ਲੇਖ ਵਿੱਚ ਕਾਂਟਰੈਕਟ ਫਾਰਮਿੰਗ ਨੂੰ ਕਿਸਾਨਾਂ ਲਈ ਓਦੋਂ ਹੀਲਾਹੇਵੰਦਕਹਿ ਦਿੱਤਾ ਸੀ, ਜਦੋਂ ਇਹ ਨਵੇਂ ਕਾਨੂੰਨ ਬਣਾਏ ਜਾ ਰਹੇ ਸਨ। ਜੋਸ਼ੀ ਨੇ ਲਿਖਿਆ ਸੀ ਕਿ ਇਨ੍ਹਾਂ ਕਾਨੂੰਨਾਂ ਨਾਲ ਫਸਲਾਂ ਦੇ ਮੁੱਲਾਂ ਵਿੱਚ ਉਤਾਰ-ਚੜ੍ਹਾਅ ਹੋਣ ਉੱਤੇ ਕਿਸਾਨਾਂ ਦਾ ਜੋਖਮ ਘੱਟ ਹੋਵੇਗਾ।ਇਸ ਕਮੇਟੀ ਵਿੱਚ ਪਾਏ ਗਏ ਇੱਕ ਪੰਜਾਬੀ ਮੈਂਬਰ ਭੁਪਿੰਦਰ ਸਿੰਘ ਮਾਨ ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦਾ ਸਮਰਥਨ ਕਰ ਚੁੱਕੇ ਹਨ।ਉਹ ਪਹਿਲਾਂ ਕਿਸਾਨਾਂ ਲਈ ਕੰਮ ਕਰਦੇ ਰਹੇ ਹਨ ਤੇ ਰਾਸ਼ਟਰਪਤੀ ਨੇ 1990 ਵਿੱਚ ਉਨ੍ਹਾਂ ਨੂੰ ਰਾਜ ਸਭਾ ਦਾਮੈਂਬਰ ਬਣਾਇਆ ਸੀ। ਉਹ ਆਲ ਇੰਡੀਆ ਕਿਸਾਨ ਤਾਲਮੇਲ ਕਮੇਟੀ ਦੇ ਚੇਅਰਮੈਨ ਹਨ, ਜਿਸ ਕਮੇਟੀ ਨੇ 14 ਦਸੰਬਰ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੂੰ ਇੱਕ ਪੱਤਰ ਲਿਖਿਆ ਸੀ ਕਿ 'ਅੱਜ ਦੀ ਭਾਰਤ ਦੀ ਖੇਤੀ ਨੂੰ ਮੁਕਤ ਕਰਨ ਲਈ ਪ੍ਰਧਾਨਮੰਤਰੀ ਨਰੇਂਦਰ ਮੋਦੀ ਨੇ ਜਿਹੜੇ ਤਿੰਨ ਕਾਨੂੰਨ ਪਾਸ ਕੀਤੇ ਹਨ, ਅਸੀ ਉਨ੍ਹਾਂ ਕਾਨੂੰਨਾਂ ਦੇ ਪੱਖ ਵਿੱਚ ਸਰਕਾਰ ਦਾ ਸਮਰਥਨ ਕਰਨ ਲਈ ਅੱਗੇ ਆਏ ਹਾਂ।'

ਚੌਥੇ ਮੈਂਬਰ ਅਨਿਲ ਧਨਵੰਤ ਨੇ ਕਿਹਾ ਸੀ ਕਿ ਨਵੇਂ ਖੇਤੀਬਾੜੀ ਕਾਨੂੰਨਾਂ ਨਾਲ ਭਾਰਤੀ ਪਿੰਡਾਂ ਵਿੱਚ ਪੂੰਜੀ ਨਿਵੇਸ਼ ਵਧੇਗਾ। ਅਨਿਲ ਧਨਵੰਤ ਮਹਾਰਾਸ਼ਟਰ ਵਿੱਚ ਕਿਸਾਨਾਂ ਦੇ ਸ਼ੇਤਕਾਰੀ ਸੰਗਠਨ ਦੇ ਪ੍ਰਧਾਨ ਹਨ, ਜਿਹੜਾ ਮਰਹੂਮ ਕਿਸਾਨ ਨੇਤਾ ਸ਼ਰਦ ਜੋਸ਼ੀ ਨੇ 1979 ਵਿੱਚ ਬਣਾਇਆ ਸੀ। ਅਨਿਲ ਧਨਵੰਤ ਦਾ ਕਹਿਣਾ ਹੈ ਕਿ ਨਵੇਂ ਕਾਨੂੰਨਾਂ ਦੇ ਨਾਲ ਪਿੰਡਾਂ ਵਿੱਚ ਕੋਲਡ ਸਟੋਰੇਜ ਤੇ ਵੇਅਰਹਾਉਸ ਬਣਾਉਣ ਵਿੱਚ ਪੂੰਜੀ ਨਿਵੇਸ਼ ਵਧੇਗਾ। ਉਨ੍ਹਾ ਨੇ ਇਹ ਕਿਹਾ ਸੀ ਕਿ ਜੇ ਦੋ ਰਾਜਾਂ ਦੇ ਕਿਸਾਨਾਂ ਦੇ ਸੰਘਰਸ਼ ਦੇ ਦਬਾਅ ਵਿੱਚ ਆਕੇ ਇਹ ਕਨੂੰਨ ਭਾਰਤ ਸਰਕਾਰ ਵੱਲੋਂ ਵਾਪਸ ਲੈ ਲਏ ਜਾਂਦੇ ਹਨ ਤਾਂ ਇਸ ਨਾਲ ਕਿਸਾਨਾਂ ਲਈ ਖੁੱਲ੍ਹੇ ਬਾਜ਼ਾਰ ਦਾ ਰਸਤਾ ਬੰਦ ਹੋ ਜਾਵੇਗਾ।

ਇਸ ਤਰ੍ਹਾਂ ਇਸ ਨਵੀਂ ਕਮੇਟੀ ਵਿੱਚ ਮੈਂਬਰ ਲਏ ਗਏ ਚਾਰੇ ਜਣੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਆਪਣੇ ਪੱਖ ਦੀ ਹਮਾਇਤ ਕਰਨ ਵਾਲੇ ਹਨ, ਕਿਸਾਨਾਂ ਦਾ ਪੱਖ ਪੇਸ਼ ਕਰਨ ਵਾਲਾ ਇੱਕ ਵੀ ਨਹੀਂ ਹੈ।

## ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਖੱਟਰ ਤੇ ਚੌਟਾਲਾ ਦੀ ਅਮਿਤ ਸ਼ਾਹ ਨਾਲ ਮੁਲਾਕਾਤ

ਨਵੀਂ ਦਿੱਲੀ, 12 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਤੁਰੰਤ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਡਿਪਟੀ ਮੁੱਖ ਮੰਤਰੀ ਦੁਸ਼ਅੰਤ ਚੌਟਾਲਾ ਨੇ ਮੁਲਾਕਾਤ ਕੀਤੀ। ਇਸ ਮੁਲਾਕਾਤ ਦੇ ਕਈ ਅਰਥ ਕੱਢੇ ਜਾ ਰਹੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮਨੋਹਰ ਲਾਲ ਖੱਟਰ ਅਤੇ ਦੁਸ਼ਅੰਤ ਚੌਟਾਲਾ ਨੇ ਅੱਜ ਏਥੇ ਅਮਿਤ ਸ਼ਾਹ ਨਾਲ ਬੈਠਕ ਕੀਤੀ ਹੈ। ਵਰਨਣ ਯੋਗ ਹੈ ਕਿ ਕਿਸਾਨਾਂ ਦੇ ਭਾਰੀ ਵਿਰੋਧ ਕਾਰਨ ਮਨੋਹਰ ਲਾਲਖੱਟਰ ਨੂੰ ਬੀਤੇ ਐਤਵਾਰ ਕਰਨਾਲ, ਹਰਿਆਣਾ ਵਿੱਚਇੱਕ ਜਨਤਕ ਮੀਟਿੰਗ ਮੁਲਤਵੀ ਕਰਨੀ ਪਈ। ਸਮਝਿਆ ਜਾ ਰਿਹਾ ਹੈ ਕਿ ਦੁਸ਼ਅੰਤ ਚੌਟਾਲਾ ਦੀ ਅਗਵਾਈ ਵਾਲੀ ਜਨਨਾਇਕ ਜਨਤਾ ਪਾਰਟੀ ਦੇ ਵਿਧਾਇਕ ਵੀ ਭਾਰਤ ਸਰਕਾਰ ਦੇ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਕਿਸਾਨਾਂ ਦੇ ਦਬਾਅ ਹੇਠ ਹਨ ਅਤੇ ਇਸ ਲਈ ਦੁਸ਼ਅੰਤ ਚੌਟਾਲਾ ਨੂੰ ਅਮਿਤ ਸ਼ਾਹ ਨੇ ਬੁਲਾਇਆ ਅਤੇ ਪਹਿਲੇ ਪੈਂਤੜੇ ਉੱਤੇ ਡਟੇ ਰਹਿਣ ਲਈ ਕਿਹਾ ਹੈ, ਜਿਸ ਦਾ ਫੌਰੀ ਪਤਾ ਨਹੀਂ ਲੱਗ ਸਕਿਆ।

ਇਸ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਕਮੇਟੀ ਬਣਾਏ ਜਾਣ ਮਗਰੋਂਕਿਸਾਨਾਂ ਨੂੰ ਅੰਦੋਲਨ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ ਉੱਤੇ ਬੈਠੇ ਕਿਸਾਨਾਂ ਨੂੰ ਆਪਣਾ ਧਰਨਾ ਹਟਾ ਕੇ ਘਰਾਂ ਨੂੰ ਜਾਣਾ ਚਾਹੀਦਾ ਹੈ। ਮੁੱਖ ਮੰਤਰੀਖੱਟਰ ਨੇ ਕਿਹਾ, 'ਗੇਂਦ ਸੁਪਰੀਮ ਕੋਰਟ ਦੇ ਕੋਲ ਚਲੀ ਗਈ ਹੈ ਅਤੇ ਮੇਰਾ ਵਿਸ਼ਵਾਸ ਹੈ ਕਿ ਜੋ ਵੀ ਫੈਸਲਾ ਲਿਆ ਜਾਵੇਗਾ, ਉਹ ਹਰ ਕਿਸੇ ਨੂੰ ਪਰਵਾਨ ਹੋਵੇਗਾ।'

## ਹੁਸ਼ਿਆਰਪੁਰ ਗੋਹਾ ਕਾਂਡ ਵਿਚ ਹਾਈ ਕੋਰਟ ਵਲੋਂ ਭਾਰਤ ਸਰਕਾਰ, ਹੋਮਸੈਕਟਰੀ ਪੰਜਾਬ ਅਤੇ ਡੀਜੀਪੀ ਤਲ਼ਬ

ਚੰਡੀਗੜ੍ਹ, 12 ਜਨਵਰੀ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ ਦੀ ਸੁਰੱਖਿਆਦੀ ਮੰਗ ਲਈ ਪਟੀਸ਼ਨ ਉੱਤੇ ਸੁਣਵਾਈ ਪਿੱਛੋਂ ਕੇਂਦਰ ਸਰਕਾਰ, ਪੰਜਾਬ ਦੇ ਗ੍ਰਹਿ ਸੈਕਟਰੀਅਤੇ ਪੰਜਾਬ ਪੁਲਸ ਦੇ ਮੁਖੀ (ਡੀਜੀਪੀ) ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲ਼ਬ ਕੀਤਾ ਹੈ। ਹਾਈ ਕੋਰਟ ਦੇ ਜਸਟਿਸ ਏਕੇ ਤਿਆਗੀ ਨੇ ਪੰਜਾਬ ਸਰਕਾਰ ਨੂੰਹਦਾਇਤ ਦਿੱਤੀ ਕਿ ਉਹ ਪਟੀਸ਼ਨਕਰਤਾ ਨੂੰ ਤਿੰਨ ਨਿੱਜੀ ਸੁਰੱਖਿਆ ਅਫ਼ਸਰ (ਪੀਐੱਸਓ) ਤੋਂ ਇਲਾਵਾ ਹੋਰ ਸੁਰੱਖਿਆ ਮੁਲਾਜ਼ਮ ਵੀ ਤੁਰੰਤ ਹਾਸਲ ਕਰਾਉਣ।

ਵਰਨਣ ਯੋਗ ਹੈ ਕਿ ਪਹਿਲੀ ਜਨਵਰੀ ਨੂੰ ਤੀਕਸ਼ਣ ਸੂਦ ਦੇ ਘਰ ਇਕ ਜਥੇਬੰਦੀ ਦੇ ਵਰਕਰਾਂ ਨੇ ਗੋਹੇ ਨਾਲ ਲੱਦੀ ਟਰਾਲੀ ਪਲਟਦਿੱਤੀ ਤੇ ਤਿੱਖੇ ਨਾਅਰੇ ਲਾਏ ਸਨ। ਹਾਈ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਵਿਚ ਸੂਦ ਨੇ ਦੱਸਿਆ ਹੈ ਕਿ ਗੋਹਾ ਸੁੱਟਣ ਦੀ ਘਟਨਾ ਦੌਰਾਨ ਉਨ੍ਹਾਂ ਨੂੰ ਮਾਰਨ ਦਾ ਯਤਨ ਕੀਤਾ ਗਿਆ ਸੀ ਤੇ ਹਮਲਾ ਕਰਨ ਵਾਲੇ ਖ਼ੁਦ ਨੂੰ ਕਿਸਾਨ ਦੱਸਦੇ ਸਨ, ਜਦਕਿ ਅਸਲ ਵਿਚ ਉਹ ਇਕ ਮੰਤਰੀ ਦੇ ਹਮਾਇਤੀ ਲੋਕ ਹਨ। ਉਨ੍ਹਾਂ ਇਹ ਦੋਸ਼ ਲਾਇਆ ਕਿ ਕਿਸਾਨ ਅੰਦੋਲਨ ਦਾ ਸਹਾਰਾ ਲੈ ਕੇ ਭਾਜਪਾ ਅਹੁਦੇਦਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਇਸ ਨਾਲ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੂੰ ਜਾਨ ਦਾ ਖ਼ਤਰਾ ਹੈ। ਤੀਕਸ਼ਣ ਸੂਦ ਦੇ ਮੁਤਾਬਕ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪਿਛਲੇ ਹਫ਼ਤੇ ਚਿੱਠੀ ਲਿਖ ਕੇ ਸੁਰੱਖਿਆ ਦੀ ਮੰਗ ਕੀਤੀ ਸੀ, ਪਰ ਹਾਲੇ ਕੋਈ ਫ਼ੈਸਲਾ ਨਹੀਂ ਆਇਆ। ਉਨ੍ਹਾਂ ਨੇ ਇਸ ਪਟੀਸ਼ਨ ਦੇ ਰਾਹੀਂ ਹਾਈ ਕੋਰਟ ਤੋਂ ਮੰਗ ਕੀਤੀ ਕਿ ਕੇਂਦਰੀ ਗ੍ਰਹਿ ਮੰਤਰਾਲਾ ਅਤੇ ਡੀਜੀਪੀ ਪੰਜਾਬ ਨੂੰ ਉਨ੍ਹਾਂ ਨੂੰ ਅਤੇ ਪਰਿਵਾਰ ਦੇ ਜੀਆਂ ਨੂੰਸੁਰੱਖਿਆਹਾਸਲ ਕਰਾਉਣ ਬਾਰੇ ਹਦਾਇਤ ਕੀਤੀ ਜਾਵੇ।

# ਖੇਤੀ ਕਾਨੂੰਨ ਰੱਦ ਕਰਾਉਣ ਤੱਕ ਸਾਡਾ ਸੰਘਰਸ਼ ਜਾਰੀ ਰਹੇਗਾ: ਕਿਸਾਨ ਆਗੂ

### * ਅਦਾਲਤ ਵੱਲੋਂ ਬਣਾਈ ਕਮੇਟੀ ਨੂੰ ਪ੍ਰਵਾਨ ਨਾ ਕਰਨ ਦਾ ਐਲਾਨ

ਨਵੀਂ ਦਿੱਲੀ, 12 ਜਨਵਰੀ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਅੱਜ ਦੇ ਫੈਸਲਿਆਂ ਬਾਰੇ ਕਿਸਾਨ ਆਗੂਆਂ ਨੇ ਕਿਹਾ ਹੈ ਕਿ ਨਵੇਂ ਖੇਤੀ ਕਾਨੂੰਨਾਂ ਉੱਤੇ ਰੋਕ ਲਾਈ ਜਾਣੀ ਠੀਕ ਹੈ, ਪਰ ਸਾਡਾ ਸੰਘਰਸ਼ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਏ ਜਾਣ ਤੱਕ ਜਾਰੀ ਰਹੇਗਾ। ਉਨ੍ਹਾਂ ਨੇ ਅਦਾਲਤ ਵੱਲੋਂ ਬਣਾਈ ਗਈ ਕਮੇਟੀ ਨੂੰ ਵੀ ਪ੍ਰਵਾਨ ਨਹੀਂ ਕੀਤਾ। ਕਿਸਾਨ ਆਗੂ ਯੋਗਿੰਦਰ ਯਾਦਵ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ਚੰਗਾ ਹੈ, ਪਰ ਸਾਡੀ ਮੰਗ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਦੀ ਹੈ, ਇਸ ਲਈ ਕਾਨੂੰਨ ਰੱਦਹੋਣਤੱਕ ਸਾਡਾ ਸੰਘਰਸ਼ ਜਾਰੀ ਰਹੇਗਾ।



ਕਿਸਾਨ ਆਗੂਆਂ ਨੇ ਸੁਪਰੀਮ ਕੋਰਟ ਵੱਲੋਂ ਚਾਰ ਮੈਂਬਰੀ ਕਮੇਟੀ ਬਣਾਉਣ ਦੇ ਫੈਸਲੇ ਨੂੰ ਮੰਨਣ ਤੋਂ ਸਪੱਸ਼ਟ ਨਾਂਹ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੀ ਇਸ ਕਮੇਟੀ ਵਿਚ ਸਾਰੇ ਲੋਕ ਸਰਕਾਰ ਦੇ ਨੇੜ ਵਾਲੇ ਲਏ ਗਏ ਹਨ ਤੇ ਇਹਸ਼ਰਾਰਤ ਸਰਕਾਰ ਨੇ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਕਮੇਟੀ ਸਾਹਮਣੇਪੇਸ਼ ਨਹੀਂ ਹੋਣਗੇ। ਇਸ ਕਮੇਟੀ ਨੂੰ ਰੱਦ ਕਰਨ ਦੇਕਿਸਾਨ ਜੱਥੇਬੰਦੀਆਂ ਦੇ ਐਲਾਨ ਬਾਰੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਦਰਸ਼ਨ ਪਾਲ ਨੇ ਕਿਹਾ ਕਿ ਅਸੀਂ ਕੱਲ੍ਹ ਰਾਤ ਹੀ ਪ੍ਰੈੱਸ ਬਿਆਨ ਜਾਰੀ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਅਸੀਂ ਵਿਚੋਲਗੀ ਲਈ ਕਮੇਟੀ ਬਣਾਉਣ ਬਾਰੇ ਸੁਪਰੀਮ ਕੋਰਟ ਦਾਸੁਝਾਅਨਹੀਂ ਮੰਨਾਂਗੇ। ਦਰਸ਼ਨ ਪਾਲ ਨੇ ਕਿਹਾ ਕਿ ਅਸੀਂ ਲੋਹੜੀ ਵਿਚ ਅਸੀਂ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਸਾੜਾਂਗੇ, 18 ਜਨਵਰੀ ਕਿਸਾਨ ਮਹਿਲਾ ਦਿਵਸ, 20 ਜਨਵਰੀ ਨੂੰਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਵਾਂਗੇ ਤੇ 26 ਜਨਵਰੀ ਗਣਤੰਤਰ ਦਿਵਸ ਵਾਲੇ ਫੈਸਲੇ ਉੱਤੇ ਕਾਇਮ ਹਾਂ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ 'ਅਸੀਂ ਪਹਿਲਾਂ ਹੀਆਖਿਆ ਸੀ ਕਿ ਅਸੀਂ ਕਿਸੇ ਕਮੇਟੀ ਅੱਗੇ ਨਹੀਂ ਜਾਵਾਂਗੇ, ਸਾਡਾ ਪ੍ਰਦਰਸ਼ਨ ਜਾਰੀ ਰਹੇਗਾ, ਕਮੇਟੀ ਦੇ ਸਾਰੇ ਲੋਕ ਸਰਕਾਰ ਦੇ ਹੱਕ ਵਿੱਚ ਹਨ ਤੇ ਉਹ ਸਰਕਾਰ ਦੇ ਕਾਨੂੰਨਾਂ ਦੀ ਸਫਾਈ ਦੇਣ ਚੱਲੇ ਹਨ।'ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲਨੇ ਕਿਹਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਬਾਵਜੂਦ ਅੰਦੋਲਨ ਨਹੀਂ ਰੁਕੇਗਾ। ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਜਦੋਂ ਤੱਕ ਕਾਨੂੰਨ ਵਾਪਸੀ ਨਹੀਂ ਹੋਵੇਗੀ, ਕਿਸਾਨਾਂ ਦੀ ਘਰ ਵਾਪਸੀ ਵੀ ਨਹੀਂ ਹੋਵੇਗੀ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਾਰੀਆਂ ਸੰਘਰਸ਼ ਕਰਦੀਆਂ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਕੋਈ ਕਮੇਟੀ ਬਣਾਉਣ ਨੂੰ ਰੱਦ ਕਰ ਚੁੱਕੀਆਂ ਹਨ, ਸੁਪਰੀਮ ਕੋਰਟ ਨੇ ਜਿਹੜੀ ਕਮੇਟੀ ਬਣਾਈ ਹੈ, ਉਸਵਿੱਚ ਸਰਕਾਰੀ ਪੱਖ ਦੇ ਮਾਹਰ ਸ਼ਾਮਲ ਕੀਤੇ ਹਨ, ਜਿਹੜੇ ਪਹਿਲਾਂ ਹੀ ਇਨ੍ਹਾਂ ਕਾਨੂੰਨਾਂ ਨੂੰ ਠੀਕ ਮੰਨਦੇ ਹਨ ਤੇ ਖੇਤੀ ਖੇਤਰ ਅੰਦਰ ਕਾਰਪੋਰੇਟਾਂ ਦੀ ਪੱਖ ਦੇ ਮੁਦੱਈ ਹਨ। ਇਨ੍ਹਾਂ ਵਿਚੋਂ ਦੋ ਮਾਹਰ ਤਾਂਇਨ੍ਹਾਂ ਕਾਨੂੰਨਾਂ ਨੂੰ ਬਣਾਉਣ ਲਈ ਪ੍ਰਧਾਨ ਮੰਤਰੀ ਨੂੰ ਧੰਨਵਾਦੀ ਚਿੱਠੀ ਵੀ ਲਿਖ ਚੁੱਕੇ ਹਨ ਤਾਂ ਇਸ ਕਮੇਟੀ ਤੋਂ ਕੋਰਟ ਕੋਲ ਕਿਸਾਨਾਂ ਦੀ ਰਾਏ ਪੁਚਾਉਣ ਦੀ ਆਸ ਕਿੱਦਾਂ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜਿਹੜੀਆਂ ਫਰਜ਼ੀ ਜਥੇਬੰਦੀਆਂ ਅੱਜ ਅਦਾਲਤ ਵਿੱਚਲੈ ਗਈ ਹੈ,ਇਨ੍ਹਾਂ ਜਥੇਬੰਦੀਆਂ ਨੂੰ ਕਮੇਟੀ ਅੱਗੇ ਭੁਗਤਾਇਆ ਜਾਵੇਗਾ ਤੇ ਇਸ ਕਮੇਟੀ ਦਾ ਕੰਮ ਹਕੂਮਤ ਦੇ ਪੱਖ ਵਿੱਚ ਹੋਵੇਗਾ।

ਸੁਪਰੀਮ ਕੋਰਟ ਵੱਲੋਂ ਬਣਾਈ ਗਈ ਕਮੇਟੀ ਦੇ ਮੈਂਬਰਾਂ ਬਾਰੇ ਖੇਤੀ ਮਾਮਲਿਆਂ ਦੇ ਮਾਹਰ ਦਵਿੰਦਰ ਸ਼ਰਮਾ ਨੇ ਵੀ ਸਵਾਲ ਉਠਾਏ ਤੇ ਕਿਹਾ ਹੈ ਕਿ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਦੇ ਮੈਂਬਰ ਪਹਿਲਾਂ ਹੀ ਖੇਤੀ ਕਾਨੂੰਨਾਂ ਦੇ ਪੱਖ ਵਿੱਚ ਹਨ ਤਾਂ ਇਹ ਕਮੇਟੀ ਕਿਸਾਨਾਂ ਨਾਲ ਇਨਸਾਫ ਕਿਵੇਂ ਕਰੇਗੀ, ਇਸ ਕਮੇਟੀ ਦੇ ਕੰਮਕਰਨੋਂ ਪਹਿਲਾਂ ਹੀ ਇਸ ਦੇ ਨਤੀਜਿਆਂ ਦਾ ਪਤਾ ਹੈ, ਇਸ ਲਈ ਦੋ ਮਹੀਨੇ ਖਰਾਬ ਕਰਨ ਦੀ ਕੀ ਲੋੜ ਹੈ।

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਮੈਂ ਟਰੈਕਟਰ ਬੋਲਦਾਂ



ਐਡਵੋਕੇਟ ਗਗਨਦੀਪ ਸਿੰਘ ਗੁਰਾਇਆ
9781500050

ਸਤਿ ਸ੍ਰੀ ਅਕਾਲ ਸਰਦਾਰਾ, ਮੈਂ ਟਰੈਕਟਰ ਬੋਲਦਾਂ। ਤੇਰਾ ਮੂੰਹ ਬੋਲਿਆ ਪੁੱਤ । ਤੇਰੇ ਦੁੱਖ ਸੁੱਖ ਦਾ ਸਾਥੀ। ਆਪਣੇ ਰਿਸ਼ਤੇ ਦੀਆਂ ਬਾਤਾਂ ਤਾਂ ਪੂਰੀ ਦੁਨੀਆਂ ਪਾਉਂਦੀ ਏ।ਆਪਣੇ ਸੰਘਰਸ਼ ਦੀ ਦਾਸਤਾਨ ਬੜੀ ਲੰਮੇਰੀ ਏ।ਮੇਰੇ ਵੱਡੇ ਵਡੇਰਿਆਂ ਨੇ ਤੇਰੇ ਬਜ਼ੁਰਗਾਂ ਨਾਲ ਸਾਥ ਨਿਭਾਇਆ। ਰੇਤਲੇ ਟਿੱਬੇ ਪੱਧਰੇ ਕਰਕੇ ਵਾਹੀ ਦੇ ਯੋਗ ਬਣਾਏ। ਆਪਾਂ ਦੋਵਾਂ ਨੇ ਰਲ ਕੇ ਧਰਤੀ ਮਾਂ 'ਚੋਂ ਹੱਡ ਭੰਨ੍ਹਵੀਂ ਮਿਹਨਤ ਕਰਕੇ ਸੋਨਾ ਪੈਦਾ ਕੀਤਾ ਤੇ ਪੂਰੀ ਦੁਨੀਆਂ ਦਾ ਢਿੱਡ ਭਰਿਆ। ਸਰਦਾਰਾ, ਤੂੰ ਆਪਣੇ ਟੱਬਰ ਨੂੰ ਭੁੱਖਾ ਰੱਖ ਕੇ ਲੋਕਾਂ ਦੇ ਪੁੱਤਰ ਰਜਾਏ। ਤੂੰ ਸਰਕਾਰਾਂ ਦਾ ਆਖਾ ਮੰਨ ਕੇ ਯੂ ਪੀ ਤੇ ਗੁਜਰਾਤ ਵਰਗੇ ਸੂਬਿਆਂ ਦੀ ਭੋਇੰ ਜ਼ਰਖੇਜ਼ ਕਰਨ ਵਾਸਤੇ ਮੈਨੂੰ ਨਾਲ ਹੀ ਲੈ ਗਿਆ ਤੇ ਆਪਾਂ ਕੀਤੀ ਵੀ। ਪਰ ਸਰਕਾਰਾਂ ਨੇ ਮਿੱਥ ਕੇ ਸਾਡਾ ਉਜਾੜਾ ਕੀਤਾ ।ਦੱਬ ਕੇ ਵਾਹ ਤੇ ਰੱਜ ਕੇ ਖਾਹ ਦੇ ਨਾਅਰੇ ਨੂੰ ਆਪਾਂ ਸੱਚ ਕਰਕੇ ਵਿਖਾਇਆ।ਜਦੋਂ ਜੈ ਜਵਾਨ ਤੇ ਜੈ ਕਿਸਾਨ ਦਾ ਨਾਅਰਾ ਦਿੱਤਾ ਤਾਂ ਮੇਰਾ ਚਾਅ ਸੰਭਾਲਿਆ ਨਹੀਂ ਸੀ ਜਾਂਦਾ। ਖੇਤਾਂ ਦੇ ਵਿੱਚ ਮਿੱਟੀ ਨਾਲ ਮਿੱਟੀ ਹੋਇਆ, ਕੱਦੂ ਕਰਦਿਆਂ ਆਪਣੇ ਕੋਲੋਂ ਇੱਕ ਦੂਜੇ ਦੇ ਚਿਹਰੇ ਨਹੀਂ ਸੀ ਪਛਾਣੇ ਜਾਂਦੇ। ਮੈਨੂੰ ਸ਼ਿੰਗਾਰ ਕੇ ਜਦੋਂ ਤੂੰ ਮੱਸਿਆ,ਸੰਗਰਾਂਦੇਂ, ਗੁਰਧਾਮਾਂ ਦੀ ਯਾਤਰਾ ਜਾਂ ਮੇਲਿਆਂ ਤੇ ਲੈ ਕੇ ਜਾਂਦਾ ਸੈਂ ਤਾਂ ਲੋਕੀਂ ਖਲੋ ਖਲੋ ਕੇ ਵਹਿੰਦੇ ਸਨ ।ਮੇਰੇ ਪੱਲੇ ਨਾਲ ਬੱਧੀ ਟਰਾਲੀ ਨਾਲ ਤਾਂ ਜਿਵੇਂ ਸਾਡਾ ਮੀਆਂ ਬੀਵੀ ਵਾਲਾ ਰਿਸ਼ਤਾ ਹੋਵੇ। ਉਸ ਦੇ ਮੇਰੇ ਨਾਲ ਪੱਕੇ ਲੇਖ ਧੁਰ ਤੋਂ ਹੀ ਲਿਖੇ ਗਏ। ਵਿਚਾਰੀ ਕਰਮਾਂਵਾਲੀ ਨੇ ਜਿਵੇਂ ਸਾਰੀ ਉਮਰ ਮੇਰੇ ਨਾਲ ਨਿਭਾਉਣ ਦੀਆਂ ਕਸਮਾਂ ਖਾਧੀਆਂ ਹੋਣ। ਸਾਰੀ ਸੰਗਤ ਨੂੰ ਆਪਣੇ ਵਿੱਚ ਬਿਠਾ ਕੇ ਰਤਾ ਵੀ ਮਾਣ ਨ੍ਹੀਂ ਕੀਤਾ ਜਿਊਣ ਜੋਗੀ ਨੇ। ਕਦੇ ਉਹਦੇ ਵਿਚ ਫ਼ਸਲ ਲੱਦੀ, ਕਦੇ ਖਾਦ ਤੇ ਕਦੇ ਰੂੜੀ। ਪਰ ਉਹ ਨਾ ਕਦੇ ਅੱਕੀ, ਨਾ ਥੱਕੀ। ਸੰਗਤਾਂ ਲਈ ਤਾਂ ਉਹ ਦੂਜਾ ਘਰ ਹੀ ਬਣ ਜਾਂਦੀ। ਮੇਲਿਆਂ ਦਾ ਘੰਟਿਆਂ ਬੱਧੀ ਸਫਰ ਵੀ ਮਹਿਸੂਸ ਨਹੀਂ ਹੋਇਆ।ਕਾਰਲ ਮਾਰਕਸ ਨੇ ਆਖਿਆ ਸੀ ਕਿ ਟਰੈਕਟਰਾਂ ਦੇ ਪਿੱਛੇ ਜਦੋਂ ਟਰਾਲੀਆਂ ਦਾ ਕਾਫ਼ਲਾ ਤੁਰਦਾ ਹੈ ਤਾਂ ਉਹ ਇੱਕ ਫੌਲਾਦੀ ਤਾਕਤ ਬਣ ਜਾਂਦੀ ਹੈ। ਜਦੋਂ ਮੇਰੀ ਹਿੱਕ 'ਤੇ ਢਾਡੀਆਂ ਦੀਆਂ ਬੀਰ ਰਸੀ ਵਾਰਾਂ ਤੇ ਚੜ੍ਹਦੀ ਕਲਾ ਦੇ ਗੀਤ ਗੂੰਜਦੇ ਤਾਂ ਚੁਫੇਰੇ ਦਾ ਮਾਹੌਲ ਵੀ ਅਣਖੀ ਹੋ ਜਾਂਦਾ। ਕਦੇ ਪੈਲੀ ਵਾਹੁਣ ਲੱਗਿਆਂ ਤੇਰੀ ਹੇਕ ਨਾਲ ਮੇਰੇ ਡੈੱਕ ਤੇ ਵੱਜਦੇ ਕਿੱਸੇ ਤੇ ਕਲੀਆਂ ਇਕਸੁਰ ਹੋਣੇ ਤਾਂ ਫਿਜ਼ਾ ਵਿੱਚ ਮਾਨੋ ਸ਼ਹਿਦ ਹੀ ਘੁਲ ਜਾਣਾ। ਖੇਤੀ ਦੇ ਸੰਦਾਂ ਨਾਲ ਮੇਰਾ ਰਿਸ਼ਤਾ, ਜਿਵੇਂ ਵੱਡੇ ਲਾਣੇ ਵਾਲੇ ਲੰਬੜਦਾਰ ਦਾ ਆਪਣੇ ਟੱਬਰ ਦੇ ਜੀਆਂ ਨਾਲ। ਮੈਨੂੰ ਅੱਜ ਵੀ ਯਾਦ ਆਉਂਦੈ ਪਿੰਡ ਦੀ ਕਿਸੇ ਧੀ ਧਿਆਣੀ ਦੇ ਵਿਆਹ 'ਤੇ ਟਰਾਲੀ ਵਿੱਚ ਪਿੰਡੋਂ ਮੰਜੇ ਬਿਸਤਰੇ ਇਕੱਠੇ ਕਰਨੇ, ਸ਼ਹਿਰੋਂ ਹਲਵਾਈ ਜਾਂ ਸ਼ਾਮਿਆਨੇ ਲੱਦ ਕੇ ਲਿਆਉਣੇ। ਪੇਂਡੂ ਖੇਡ ਮੇਲਿਆਂ ਵਿੱਚ ਤਵੀਆਂ ਦੇ ਮੁਕਾਬਲੇ ਜਾਂ ਟਰਾਲੀਆਂ ਨੂੰ ਬੈਕ ਲਾਉਣ ਦੇ ਮੁਕਾਬਲੇ। ਪੈਲੀ ਤੋਂ ਮੰਡੀ ਫ਼ਸਲ ਲੈ ਕੇ ਜਾਣ ਦੀ ਟੌਹਰ ਹੀ ਵੱਖਰੀ ਹੁੰਦੀ ਸੀ। ਧਨੀ ਰਾਮ ਚਾਤ੍ਰਿਕ ਨੇ ਇਸ ਟੌਹਰ ਨੂੰ ਵੇਖ ਕੇ ਹੀ ਗੀਤ ਲਿਖਿਆ ਸੀ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ'।

ਪਰ ਸਰਦਾਰਾ, ਮਿੱਟੀ ਨਾਲ ਮਿੱਟੀ ਹੋ ਕੇ ਪਾਲ਼ੇ ਤੇਰੇ ਧੀਆਂ ਪੁੱਤਰਾਂ ਦੀ ਕਿਸੇ ਬਾਤ ਨਾ ਪੁੱਛੀ। ਦੁਖੀ ਹੋ ਕੇ ਉਨ੍ਹਾਂ ਨੂੰ ਵਿਦੇਸ਼ਾਂ ਦਾ ਰਾਹ ਫੜਨਾ ਪਿਆ। ਸਰਦਾਰਾ, ਅੱਜ ਮੇਰੇ ਤੋਂ ਤੇਰਾ ਦੁੱਖ ਜਰਿਆ ਨਹੀਂ ਜਾਂਦਾ। ਸੱਚ ਜਾਣੀ, ਮੈਂ ਤੇਰੇ ਅੱਖ ਚੋਂ ਹੰਝੂ ਨਹੀਂ ਵੇਖ ਸਕਦਾ। ਮੈਂ ਤੇਰੇ ਤੋਂ ਬਿਨਾਂ ਅਧੂਰਾ ਹਾਂ। ਅੱਜ ਗੁਰਾਂ ਦੇ ਨਾਂ 'ਤੇ ਵੱਸਦੇ ਪੰਜਾਬ ਨੂੰ ਉਜਾੜਨ ਲਈ ਹਰ ਸਰਕਾਰ ਦਾ ਜ਼ੋਰ ਲੱਗਾ ਹੋਇਆ। ਪੰਜਾਬ ਦੇ ਵਸਦਿਆਂ ਨੂੰ ਨਿੱਤ ਮੁਹਿੰਮਾਂ ਨੇ।ਪਰ ਇਹ ਮੁਹਿੰਮ ਤੇਰੀ ਤੇ ਪੰਜਾਬ ਦੀ ਹੋਂਦ ਦੀ ਐ।ਤੂੰ ਪ੍ਰਵਾਹ ਨਾ ਕਰੀਂ ਹਰ ਲੜਾਈ ਵਿੱਚ ਜੇਤੂ ਹਮੇਸ਼ਾਂ ਪੰਜਾਬ ਸਿਹੁੰ ਹੀ ਰਿਹਾ। ਕਿਸਾਨੀ ਗੁਰੂ ਨਾਨਕ ਸਾਹਿਬ ਦੀ ਵਿਰਾਸਤ ਐ ਤੇ ਬਾਬਾ ਇਹਦੀ ਲਾਜ ਆਪੇ ਰੱਖੂ। ਤੂੰ ਮੈਂ ਤਾਂ ਬੱਸ ਹੀਲਾ ਵਸੀਲਾ ਹੀ ਹਾਂ।ਪਰ ਇੱਕ ਗੱਲ ਏ ਜਿਨ੍ਹਾਂ ਦੀਆਂ ਜੜ੍ਹਾਂ ਪਤਾਲ ਵਿਚ ਲੱਗੀਆਂ ਹੋਣ, ਉਹ ਮਾੜੀਆਂ ਮੋਟੀਆਂ ਹਨ੍ਹੇਰੀਆਂ ਤੋਂ ਨਹੀਂ ਡਰਦੇ। ਜਿੰਨਾਂ ਨੇ ਬ੍ਰਹਿਮੰਡ ਤੇ ਰਾਜ ਕਰਨੈ, ਉਹ ਜ਼ਮੀਨਾਂ ਦੀ ਵੀ ਪ੍ਰਵਾਹ ਨਹੀਂ ਕਰਦੇ। ਤੂੰ ਤਾਂ ਕੱਲਾ ਹੀ ਸਵਾ ਲੱਖ ਹੈਂ। ਚੇਤੇ ਕਰ ਆਪਣਾ ਪੰਜ ਸੌ ਵਰ੍ਹਿਆਂ ਦਾ ਇਤਿਹਾਸ। ਬਾਬਾ ਬੰਦਾ ਸਿੰਘ ਬਹਾਦਰ ਦਾ ਮੁਜ਼ਾਹਰਿਆਂ ਨੂੰ ਮਾਲਕ ਬਣਾਉਣਾ, ਗੁਰੂ ਨਾਨਕ ਸਾਹਿਬ ਦਾ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਨਾ, ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਜੀ ਵੱਲੋਂ ਜਬਰ ਤੇ ਜ਼ੁਲਮ ਦਾ ਸਬਰ ਨਾਲ ਮੁਕਾਬਲਾ, ਗੁਰੂ ਹਰਗੋਬਿੰਦ ਸਾਹਿਬ ਵੱਲੋਂ ਮੀਰੀ ਪੀਰੀ ਪਹਿਨ ਕੇ ਅਕਾਲ ਤਖ਼ਤ ਤੋਂ ਦਿੱਲੀ ਦੇ ਤਖ਼ਤ ਨੂੰ ਦਿੱਤੀ ਹੋਈ ਵੰਗਾਰ, 'ਹਮ ਰਾਖ਼ਤ ਪਾਤਸ਼ਾਹੀ ਦਾਅਵਾ' ਤੇ 'ਇਹੁ ਹੋਆ ਹਲੀਮੀ ਰਾਜ ਜੀਓ' ਦਾ ਸੰਕਲਪ । ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਵੱਲੋਂ ਨਿਰਾਲਾ ਖ਼ਾਲਸਾ ਪੰਥ ਸਾਜ ਕੇ ਕਿਲਿਆਂ ਦਾ ਨਿਰਮਾਣ ਤੇ ਬੰਦੇ ਨੂੰ ਥਾਪੜਾ ਦੇ ਕੇ ਨਗਾਰਾ ਤੀਰ ਤੇ ਨਿਸ਼ਾਨ ਨਾਲ ਨਿਵਾਜ ਕੇ ਪੰਜਾਬ ਵੱਲ ਤੋਰਨਾ ਤੇ ਆਜ਼ਾਦ ਸਿੱਖ ਰਾਜ ਸਥਾਪਿਤ ਕਰਨਾ। ਬਾਬਾ ਬਘੇਲ ਸਿੰਘ ਸਰਦਾਰ ਜੱਸਾ ਸਿੰਘ ਤੇ ਹੋਰ ਕੌਮੀ ਮਰਜੀਵੜਿਆਂ ਵੱਲੋਂ ਦਿੱਲੀ ਫ਼ਤਿਹ ਕਰਨਾ। ਗਜ਼ਨੀ ਦੇ ਬਾਜ਼ਾਰ ਚੋਂ ਇਨ੍ਹਾਂ ਦੀਆਂ ਇੱਜ਼ਤਾਂ ਬਚਾਉਣੀਆਂ। ਸ਼ੇਰੇ ਪੰਜਾਬ ਦਾ ਦੁਨੀਆਂ ਦੇ ਨਕਸ਼ੇ ਤੇ ਨਿਵੇਕਲੀ ਮਿਸਾਲ 'ਸਰਕਾਰੇ ਖ਼ਾਲਸਾ' ਦੇ ਰੂਪ ਵਿਚ ਸਿੱਖ ਰਾਜ ਦੀ ਸਥਾਪਤੀ। ਸਰਕਾਰਾਂ ਦੀਆਂ ਕੋਝੀਆਂ ਚਾਲਾਂ ਵੱਲੋਂ ਆਜ਼ਾਦੀ ਦੇ ਨਾਂ 'ਤੇ ਮਹਾਂ ਪੰਜਾਬ ਦੀ ਵੰਡ ਤੇ ਮਗਰੋਂ ਸਾਂਝੇ ਪੰਜਾਬ ਦਾ ਟੁਕੜੇ ਟੁਕੜੇ ਕਰਨਾ। ਕਦੇ ਧਰਮ ਯੁੱਧ ਮੋਰਚਾ, ਕਦੇ ਬੋਲੀ ਦੀ ਲੜਾਈ, ਕਦੇ ਪਾਣੀਆਂ ਦਾ ਮਸਲਾ ਤੇ ਹੁਣ ਆਹ ਆਪਣੀਆਂ ਜ਼ਮੀਨਾਂ ਨੂੰ ਖੋਹਣ ਦੀ ਤਿਆਰੀ। ਤੇਰਾ ਇਤਿਹਾਸ ਪੈਰ ਪੈਰ 'ਤੇ ਤੇਰੀ ਅਗਵਾਈ ਕਰਦੈ। ਕਿਸੇ ਸਿਆਣੇ ਮਹਾਂਪੁਰਖ ਦੇ ਬੋਲ ਸਨ ਕਿ 'ਸਰੀਰ ਦਾ ਮਰ ਜਾਣਾ ਮੌਤ ਨਹੀਂ ਹੁੰਦਾ, ਜ਼ਮੀਰ ਦਾ ਮਰ ਜਾਣਾ ਹੀ ਅਸਲ ਚ ਮੌਤ ਹੁੰਦੈ'।ਤੇ ਤੂੰ ਤਾਂ ਜੱਗ ਤੇ ਜਾਣਿਆ ਹੀ ਜ਼ਮੀਰ ਕਰਕੇ ਜਾਂਦੈ। ਕਿਉਂਕਿ ਹੁਣ ਸਵਾਲ ਫ਼ਸਲਾਂ ਦਾ ਨਹੀਂ, ਆਉਣ ਵਾਲੀਆਂ ਨਸਲਾਂ ਦਾ ਏ। ਕਣਕਾਂ ਦਾ ਨਹੀਂ ਅਣਖਾਂ ਦਾ ਏ। ਕਦੇ ਤੇਰੇ ਵੱਡਿਆਂ ਨੇ 'ਪਗੜੀ ਸੰਭਾਲ ਜੱਟਾ' ਲਹਿਰ ਚਲਾਈ ਸੀ ਤੇ ਇਹ ਕਿਸਾਨ ਮੋਰਚਾ ਵੀ ਸਦੀ ਦੇ ਮਹਾਂ ਅੰਦੋਲਨ ਦੇ ਰੂਪ ਵਿੱਚ ਜਾਣਿਆ ਜਾਵੇਗਾ। ਮੈਂ ਤੇ ਮੇਰੇ ਲੱਖਾਂ ਭਰਾਵਾਂ ਨੇ ਦਿੱਲੀ ਨੂੰ ਘੇਰਾ ਪਾਇਆ ਹੋਇਆ ਤੇ ਏਨੇ ਟਰੈਕਟਰ ਟਰਾਲੀਆਂ ਦੇ ਮੂੰਹ ਮੋੜਨੇ ਦਿੱਲੀ ਦੇ ਵੱਸੋਂ ਬਾਹਰ ਦੀਆਂ ਬਾਤਾਂ ਨੇ। ਸੱਚ ਜਾਣੀ, ਜਦੋਂ ਤੂੰ ਸ਼ੰਭੂ ਦੇ ਬਾਰਡਰ ਤੇ ਮੇਰੇ ਬੰਪਰਾਂ ਨਾਲ ਵੱਡੇ-ਵੱਡੇ ਬੈਰੀਕੇਡਾਂ ਨੂੰ ਟੱਕਰ ਮਾਰ ਕੇ ਢਹਿ ਢੇਰੀ ਕਰਦਾ ਸੈਂ ਤਾਂ ਮੈਨੂੰ ਭੋਰਾ ਵੀ ਦੁੱਖ ਨਹੀਂ ਲੱਗਾ। ਭਾਵੇਂ ਕਿ ਮੇਰੇ ਮੱਥੇ ਤੇ ਕਿੰਨੇ ਹੀ ਚਿੱਬ ਪੈ ਗਏ ਸਨ। ਪਾਣੀ ਦੀਆਂ ਬੁਛਾਰਾਂ, ਮਿੱਟੀ ਦੇ ਭਰੇ ਟਰਾਲੇ, ਅੱਥਰੂ ਗੈਸ ਦੇ ਗੋਲੇ ਤੇ ਪੁੱਟੇ ਹੋਏ ਰਸਤੇ ਸਾਡਾ ਰਾਹ ਨਹੀਂ ਰੋਕ ਸਕੇ ਤੇ ਵੇਖ ਲੈ ਅੱਜ ਆਪਾਂ ਦਿੱਲੀ ਘੇਰੀ ਹੋਈ ਐ। ਸੱਚ ਜਾਣੀ ਸਰਦਾਰਾ, ਮੈਨੂੰ ਉਦੋਂ ਬੜਾ ਦੁੱਖ ਲੱਗਦਾ ਜਦ ਤੂੰ ਹਾਲਾਤਾਂ ਤੋਂ ਤੰਗ ਹੋ ਕੇ ਸਪਰੇਅ ਪੀ ਕੇ ਜਾਂ ਆਪਣੀ ਖੂਹ ਵਾਲੀ ਟਾਹਲੀ ਨਾਲ ਗਲ ਪਰਨਾ ਪਾ ਕੇ ਖੁਦਕੁਸ਼ੀ ਕਰਨ ਦੀ ਸੋਚਦਾਂ ਤਾਂ ਮੇਰਾ ਜਿਵੇਂ ਗੱਚ ਹੀ ਭਰ ਆਉਂਦਾ। ਸੱਜਣਾ, ਆਪਾਂ ਤਾਂ ਰੁੱਖੀ ਸੁੱਕੀ ਖਾ ਕੇ ਜੈਕਾਰੇ ਛੱਡਣ ਵਾਲੀ ਕੌਮ ਹਾਂ। ਇਹ ਸਰਕਾਰਾਂ ਤੈਨੂੰ ਕਦੇ ਅਤਿਵਾਦੀ, ਵੱਖਵਾਦੀ ਤੇ ਕਦੇ ਨਕਸਲਾਈਟ ਦੱਸਦੀਆਂ ਨੇ ਪਰ ਤੇਰੀ ਸੇਵਾ ਨੇ ਦੁਨੀਆਂ ਨੂੰ ਦੱਸ ਦਿੱਤਾ ਕਿ ਤੂੰ ਤਾਂ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ । ਆਹ ਵੇਖ,ਬਾਰਡਰਾਂ ਤੇ ਕਿਵੇਂ ਆਪਣੇ ਰਾਜ 'ਬੇਗ਼ਮਪੁਰੇ' ਦਾ ਝਲਕਾਰਾ ਪੈਂਦਾ ਆ।ਜਦੋਂ ਨੌਜਵਾਨ ਮੇਰੀ ਛਾਤੀ ਤੇ ਖਲੋ ਕੇ ਇਨਕਲਾਬੀ ਗੀਤਾਂ ਨਾਲ ਚੌਗਿਰਦੇ 'ਚ ਜੋਸ਼ ਭਰ ਰਹੇ ਹੁੰਦੇ ਨੇ ਤਾਂ ਮੈਨੂੰ ਜਿਵੇਂ ਸਰੂਰ ਜਿਹਾ ਆ ਜਾਂਦਾ ਤੇ ਦੁਸ਼ਮਣ ਤੇ ਧਾਵਾ ਬੋਲਣ ਨੂੰ ਮਨ ਕਰਨ ਲੱਗ ਪੈਂਦੈ। ਇੱਥੇ ਸੱਚੇ ਪਾਤਸ਼ਾਹ ਦੀ ਕਲਾ ਵਰਤ ਰਹੀ ਹੈ। ਸਾਡੇ ਪਿੱਛੇ ਬੰਨ੍ਹੀਆਂ ਟਰਾਲੀਆਂ 'ਚ ਕਿਤੇ ਆਸਾ ਦੀ ਵਾਰ, ਨਿਤਨੇਮ ਹੋ ਰਿਹੈ ਤੇ ਕਿਤੇ ਬੜੀ ਸੰਜੀਦਗੀ ਨਾਲ ਮਹਿਫ਼ਲਾਂ ਚ ਚੰਗੇਰੇ ਭਵਿੱਖ ਦੀ ਚਰਚਾ ਹੋ ਰਹੀ ਹੁੰਦੀ ਏ। ਭਾਈ ਘਨੱਈਆ ਦੇ ਵਾਰਸ ਹਰ ਕਿਸੇ ਨੂੰ ਲੰਗਰ ਛਕਾ ਰਹੇ ਨੇ। ਜਦੋਂ ਸਾਰਾ ਦਿਨ ਥੱਕ ਟੁੱਟ ਕੇ ਉਹ ਟਰਾਲੀਆਂ ਚ ਠੰਢੀਆਂ ਸੀਤ ਰਾਤਾਂ ਚ ਆਰਾਮ ਕਰ ਰਹੇ ਹੁੰਦੇ ਨੇ ਤਾਂ ਪਹਿਰੇਦਾਰੀ ਕਰਦਿਆਂ ਮੇਰਾ ਇੰਨਾ ਪਾਕਿ ਰੂਹਾਂ ਤੇ ਕੁਰਬਾਨ ਹੋਣ ਨੂੰ ਦਿਲ ਕਰ ਆਉਂਦਾ। ਟਰਾਲੀਆਂ ਚ ਸੁੱਤੇ ਇਹ ਕਿਸੇ ਮਹਾਂਪੁਰਸ਼ ਅਵਤਾਰਾਂ ਤੋਂ ਘੱਟ ਨਹੀਂ ਲੱਗਦੇ। ਇਹ ਹੱਕ ਸੱਚ ਦੇ ਮੁਜੱਸਮੇ, ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਸਤਯੁਗੀ ਸੰਤ। ਯਾਦ ਰੱਖੀਂ ਇਹ ਲੜਾਈ ਹੱਕ ਸੱਚ ਦੀ ਹੈ ਤੇ ਆਪਾਂ ਇਹ ਹਰ ਹਾਲਾਤਾਂ ਵਿੱਚ ਜਿੱਤਣੀ ਹੈ। ਹੁਣ ਵੇਲਾ ਜੂਝਣ ਦਾ ਏ। ਸਿਦਕੋਂ ਨਹੀਂ ਡੋਲ੍ਹਣਾ। ਬਸ ਆਪਣੀ ਸੁਰਤ ਸਰਹਿੰਦ ਦੇ ਠੰਢੇ ਬੁਰਜ ਵਿੱਚ ਟਿਕਾ ਕੇ ਰੱਖੀਂ। ਜ਼ੁਲਮ ਦੀ ਕਾਲੀ ਬੋਲੀ ਰਾਤ ਨੂੰ ਚੀਰ ਕੇ ਨਵੀਂ ਸਵੇਰ ਦੇ ਸੱਚ ਦਾ ਸੂਰਜ ਤੇਰੇ ਬਰੂਹਾਂ ਤੇ ਦਸਤਕ ਦੇਣ ਨੂੰ ਤਿਆਰ ਖਲੋਤੈ। ਬਾਬਾ ਬਘੇਲ ਸਿੰਘ ਵਾਂਗੂੰ ਜੰਗ ਜਿੱਤ ਕੇ ਆਪਾਂ ਖ਼ੁਸ਼ੀ ਦੇ ਜਸ਼ਨ ਮਨਾਉਂਦਿਆਂ ਜੇਤੂ ਜਲੂਸ ਦੇ ਰੂਪ ਵਿੱਚ ਦਿੱਲੀ ਤੋਂ ਪੰਜਾਬ ਨੂੰ ਕੂਚ ਕਰਨੈ। ਕੂੜ ਨਿਖੁਟੇ ਨਾਨਕਾ ਓੜਕ ਸੱਚ ਰਹੀ ਦਾ ਹੋਕਾ ਪੂਰੀ ਦੁਨੀਆਂ 'ਚ ਬੁਲੰਦ ਕਰਨੈ। ਸਰਦਾਰਾ, ਹੌਸਲਾ ਰੱਖ।ਭਵਿੱਖ ਬੜਾ ਹੀ ਰੌਸ਼ਨ ਐ ਤੇਰਾ। ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੇ ਪੂਰੀ ਦੁਨੀਆਂ ਦੀ ਅਗਵਾਈ ਕਰਨੀ ਏ। 'ਨਿਸਚੈ ਕਰ ਆਪਨੀ ਜੀਤ ਕਰੋਂ' ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਚੜ੍ਹਦੀ ਕਲਾ ਦੇ ਜੈਕਾਰੇ ਲਾਉਣੇ ਨੇ ...

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ
Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.
House For Sale
$549,000
Oxford Rd 17- Fairway Rd

3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ
Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.
House For Sale
$689,000
Sandalwood Pkwy- Fernforest Dr

ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ
Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station
House For Sale
$835,000
Mississauga Rd - Wanless Dr

Grand Upholstery Ltd
Sofa Company Originality in Every Piece
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫ਼ਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: granduphoIsery@gmail.com

# ਇੱਕ ਗਣਤੰਤਰ ਇੱਕ ਲੋਕਤੰਤਰ ਨਾਲੋਂ ਜ਼ਿਆਦਾ ਹੈ

-ਆਕਾਰ ਪਟੇਲ

ਜਨਵਰੀ ਮਹੀਨੇ 'ਚ ਅਸੀਂ ਭਾਰਤ ਦਾ ਗਣਤੰਤਰ ਦਿਵਸ ਮਨਾਵਾਂਗੇ, ਜੋ ਸੁਤੰਤਰਤਾ ਦਿਵਸ ਤੋਂ ਕੁਝ ਵੱਖਰਾ ਹੈ। ਇਸ ਦਾ ਅਰਥ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਜਾਂ ਫਿਰ ਇਸ ਦੀ ਸ਼ਲਾਘਾ ਨਹੀਂ ਹੋਈ। 15 ਅਗਸਤ ਨੂੰ ਅਸੀਂ ਉਸ ਦਿਨ ਨੂੰ ਮਨਾਉਂਦੇ ਹਾਂ, ਜਿਸ ਨੇ ਵਿਦੇਸ਼ੀਆਂ ਨੂੰ ਸਾਡੇ 'ਤੇ ਰਾਜ ਕਰਨ ਤੋਂ ਰੋਕਿਆ। ਅਸੀਂ ਆਜ਼ਾਦੀ ਦੇ ਰੂਪ ਵਿੱਚ ਇਸਦਾ ਵਰਨਣ ਕਰਦੇ ਹਾਂ। 26 ਜਨਵਰੀ 'ਤੇ ਅਸੀਂ ਉਹ ਕਾਨੂੰਨ ਲਾਗੂ ਕਰਨ 'ਚ ਸਫਲ ਹੋਏ ਜਿਸ ਨੇ ਦੇ ਨੂੰ ਖੁਦਮੁਖਤਿਆਰ ਬਣਾਇਆ। ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕੁਝ ਕਾਰਨਾਂ ਨਾਲ ਅਸੀਂ ਗਣਤੰਤਰ ਦਿਵਸ ਨੂੰ ਫੌਜੀ ਸਾਸ਼ਨ ਦੇ ਤੌਰ 'ਤੇ ਮਨਾਉਂਦੇ ਹਾਂ। ਹਥਿਆਰਬੰਦ ਫੌਜੀ ਆਪਣੀਆਂ ਮਸ਼ੀਨਾਂ ਦੇ ਨਾਲ ਮਾਰਚ ਕਰਦੇ ਹਨ। ਅਸੀਂ ਭਾਰਤ ਦੇ ਉਨ੍ਹਾਂ ਹਿੱਸਿਆਂ ਕੋਲੋਂ ਪੁੱਛ ਸਕਦੇ ਹਾਂ, ਜਿਨ੍ਹਾਂ ਨੇ ਫੌਜ ਦਾ ਅਨੁਭਵ ਕੀਤਾ ਹੈ ਜਿਵੇਂ ਕਿ ਉਤਰ ਪੂਰਬ ਅਤੇ ਕਸ਼ਮੀਰ। ਕੀ ਉਹ ਗਣਤੰਤਰ ਦਿਵਸ ਨੂੰ ਮਨਾਉਣ ਦੇ ਲਈ ਇੱਕ ਸਹੀ ਰਸਤਾ ਸਮਝਦੇ ਹਨ?

ਇੱਕ ਗਣਤੰਤਰ ਇੱਕ ਲੋਕਤੰਤਰ ਨਾਲੋਂ ਵੱਧ ਹੈ। ਲੋਕਤੰਤਰ ਇੱਕ ਅਜਿਹੀ ਪ੍ਰਣਾਲੀ ਹੈ ਜਿਸ 'ਚ ਬਹੁਮਤ ਵਾਲੀ ਸਰਕਾਰ ਆਪਣੇ ਚੁਣੇ ਹੋਏ ਪ੍ਰਤੀਨਿਧਾਂ ਦੇ ਰਾਹੀਂ ਰਾਜ ਕਰਦੀ ਹੈ। ਸਾਰੇ ਬਾਲਗ ਵੋਟ ਦੇ ਅਧਿਕਾਰ ਦਾ ਮਤਲਬ ਇਨ੍ਹਾਂ ਚੁਣੇ ਹੋਏ ਪ੍ਰਤੀਨਿਧਾਂ ਲਈ ਵੋਟ ਦਾ ਅਧਿਕਾਰ ਹੋਣਾ ਹੈ। ਇੱਕ ਗਣਤੰਤਰ ਹੋਣ ਲਈ ਇਹ ਇਕੋ ਇੱਕ ਪਹਿਲੂ ਹੈ। ਹੋਰ ਦੋ ਪਹਿਲੂ ਮੁੱਢਲੇ ਅਧਿਕਾਰ ਅਤੇ ਨਾਗਰਿਕ ਸੁਤੰਤਰਤਾ ਹੈ। ਇਹ ਸਮਾਂਤਰ ਤੌਰ 'ਤੇ ਅਹਿਮ ਹਨ ਤੇ ਉਨ੍ਹਾਂ ਦੇ ਬਿਨਾਂ ਤੁਹਾਡੇ ਕੋਲ ਲੋਕਤੰਤਰ ਹੋ ਸਕਦਾ ਹੈ, ਪਰ ਗਣਤੰਤਰ ਨਹੀਂ। ਇਸ 'ਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ, ਸ਼ਾਂਤਮਈ ਢੰਗ ਨਾਲ ਇਕੱਠੇ ਹੋਣ ਦਾ ਅਧਿਕਾਰ, ਧਾਰਮਿਕ ਸੁਤੰਤਰਤਾ ਦਾ ਵਿਚਾਰ ਕਿਸੇ ਵੀ ਸੰਗਠਨ ਦੇ ਗਠਨ ਦਾ ਅਧਿਕਾਰ ਜਾਂ ਕਿਸੇ ਵੀ ਪੇਸ਼ੇ ਨੂੰ ਅਪਣਾਉਣ ਦਾ ਅਧਿਕਾਰ ਅਤੇ ਜ਼ਿੰਦਗੀ ਅਤੇ ਸੁਤੰਤਰਤਾ ਦਾ ਅਧਿਕਾਰ ਸ਼ਾਮਲ ਹੈ।



ਤੁਹਾਡੇ ਕੋਲ ਅਜਿਹਾ ਦੇਸ਼ ਹੋ ਸਕਦਾ ਹੈ, ਜਿੱਥੇ ਬਾਲਗ ਵੋਟ ਪਾ ਸਕਦੇ ਹਨ ਅਤੇ ਚੋਣਾਂ ਕਰਾਈਆਂ ਜਾਂ ਸਕਦੀਆਂ ਹਨ, ਪਰ ਇਨ੍ਹਾਂ 'ਚੋਂ ਕੋਈ ਅਧਿਕਾਰ ਅਤੇ ਸੁਤੰਤਰਤਾ ਸਾਰਥਕ ਤੌਰ 'ਤੇ ਮੌਜੂਦ ਨਹੀਂ ਹੈ। ਇਹ ਲੋਕਤੰਤਰ ਹੋਵੇਗਾ, ਪਰ ਗਣਤੰਤਰ ਨਹੀਂ। ਅਧਿਕਾਰ ਲੋਕਾਂ ਦੇ ਕੋਲ ਅਸਲ 'ਚ ਨਹੀਂ ਹੋਣਗੇ, ਸਗੋਂ ਸਰਕਾਰ ਕੋਲ ਹੋਣਗੇ। ਇੱਕ ਉਦਾਹਰਣ ਦੇਣ ਲਈ ਭਾਰਤੀਆਂ ਨੂੰ ਸ਼ਾਂਤੀ ਪੂਰਨ ਇਕੱਠੇ ਹੋਣ ਦਾ ਅਧਿਕਾਰ ਹੈ। ਇਹ ਅਸਲ 'ਚ ਇਹ ਮੌਲਿਕ ਅਧਿਕਾਰ ਹੈ ਜਿਸ ਦਾ ਅਰਥ ਹੈ ਕਿ ਕਬਜ਼ੇ ਤੋਂ ਉਚ ਪੱਧਰ ਦੀ ਸੁਰੱਖਿਆ ਤੁਹਾਨੂੰ ਪ੍ਰਾਪਤ ਹੈ ਪਰ ਕੀ ਭਾਰਤੀਆਂ ਨੂੰ ਸ਼ਾਂਤੀਪੂਰਨ ਇਕੱਠੇ ਹੋਣ ਦਾ ਅਧਿਕਾਰ ਹੈ? ਉਨ੍ਹਾਂ ਨੂੰ ਅਜਿਹਾ ਨਹੀਂ ਹੈ। ਉਨ੍ਹਾਂ ਨੂੰ ਇਹ ਅਧਿਕਾਰ ਹੈ ਕਿ ਉਨ੍ਹਾਂ ਨੂੰ ਸ਼ਾਂਤੀਪੂਰਨ ਰੋਸ ਵਿਖਾਵੇ ਲਈ ਅਧਿਕਾਰੀਆਂ ਐ ਪੁਲਸ ਤੋਂ ਇਜਾਜ਼ਤ ਹਾਸਲ ਕਰਨ ਲਈ ਇੱਕ ਅਰਜ਼ੀ ਦੇਣ ਦਾ ਅਧਿਕਾਰ ਹੈ। ਸਰਕਾਰ ਕੋਲ ਇਸ ਨੂੰ ਮਨਜ਼ੂਰੀ ਦੇਣ, ਨਾ ਮਨਜ਼ੂਰ ਕਰਨ ਜਾਂ ਪ੍ਰਤੀਕਿਰਿਆ ਨਾ ਦੇਣ ਦਾ ਅਧਿਕਾਰ ਹੈ। ਏਦਾਂ ਕਿਸੇ ਕੰਮ ਨੂੰ ਕਰਨ ਦਾ ਅਧਿਕਾਰ ਹੈ (ਇੱਥੇ ਸੁਪਰੀਮ ਕੋਰਟ ਦਾ ਫੈਸਲਾ ਹੈ, ਜੋ ਕਹਿੰਦੀ ਹੈ ਕਿ ਗਊ ਦਾ ਅਧਿਕਾਰ ਕਸਾਈ ਤੋਂ ਵੱਧ ਹੈ), ਨਾ ਧਾਰਮਿਕ ਆਜ਼ਾਦੀ ਦਾ ਅਧਿਕਾਰ ਜਿਵੇਂ ਯੂ ਪੀ ਅਤੇ ਐਮ ਪੀ ਨਵੇਂ ਕਾਨੂੰਨ ਕਹਿੰਦੇ ਹਨ, ਵੀ ਮੌਜੂਦ ਨਹੀਂ ਹੈ।

ਭਾਰਤ 'ਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਕਾਨੂੰਨੀ ਤੌਰ ਉੱਤੇ ਦੇਸ਼-ਧ੍ਰੋਹ ਅਤੇ ਮਾਣ-ਹਾਨੀ ਦੇ ਰਾਹੀਂ ਅਪਰਾ ਹੈ। ਅਸਲ 'ਚ ਸੰਵਿਧਾਨ 'ਚ ਸ਼ੁਰੂ ਤੋਂ ਦੇਖੇ ਗਏ ਅਧਿਕਾਰ ਅਤੇ ਆਜ਼ਾਦੀ ਮੂਲ ਤੌਰ ਉਤੇ ਅੱਜ ਮੌਜੂਦ ਨਹੀਂ। ਇਹ ਸਿੱਟਾ ਕੱਢਣਾ ਸੁਰੱਖਿਅਤ ਹੈ ਕਿ ਭਾਰਤ ਇੱਕ ਲੋਕਤੰਤਰ ਹੈ, ਪਰ ਇੱਕ ਗਣਤੰਤਰ ਨਹੀਂ। ਅਸਲੀਅਤ ਇਹ ਹੈ ਕਿ ਅੱਜ ਨਾਗਰਿਕਾਂ ਦੇ ਨਾਲ ਅਧਿਕਾਰ ਹੀ ਨਹੀਂ ਹੈ। ਉਹ ਤਾਂ ਮੁਖ ਤੌਰ 'ਤੇ ਸਰਕਾਰ ਦੇ ਨਾਲ ਹਨ। ਸਮੇਂ ਦੇ ਬੀਤਣ ਦੇ ਨਾਲ ਇਹ ਅਜਿਹਾ ਹੋਇਆ ਹੈ। ਸੰਵਿਧਾਨ ਨੇ ਸ਼ੁਰੂ 'ਚ ਸਾਰੇ ਭਾਰਤੀਆਂ ਨੂੰ ਵੱਧ ਜਾਂ ਘੱਟ ਨਾ ਪਾਬੰਦੀ ਦੇ ਰੂਪ 'ਚ ਉਪਰੋਕਤ ਸਾਰੇ ਅਧਿਕਾਰ ਦਿੱਤੇ ਕਿਉਂਕਿ ਉਹ ਅਮਰੀਕਾ ਵਰਗੇ ਹੋਰਨਾਂ ਗਣਰਾਜਾਂ 'ਚ ਸਨ। ਇਹ ਸੋਧਾਂ ਸਨ, ਜੋ ਬਾਅਦ 'ਚ ਆਈਆਂ ਜਿਨ੍ਹਾਂ ਨੇ ਉਸ ਪੱਧਰ ਤੱਕ ਆਜ਼ਾਦੀ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਜਿਸ ਨੂੰ ਈਮਾਨਦਾਰੀ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਭਾਰਤ 'ਚ ਬਿਲਕੁਲ ਵੀ ਮੌਜੂਦ ਨਹੀਂ ਹਨ।

ਸੰਵਿਧਾਨ 'ਚ ਫੁੱਟਨੋਟ ਦੇ ਰਾਹੀਂ ਪਾਰਟ-3 ਦੇ ਲਈ ਸੋਧ ਜੋੜੀ ਗਈ ਜੋ ਕਿ ਮੌਲਿਕ ਅਧਿਕਾਰਾਂ ਦਾ ਇੱਕ ਹਿੱਸਾ ਹੈ। ਬੋਲਣ ਦੀ ਆਜ਼ਾਦੀ ਦਾ ਅਧਿਕਾਰ ਯੋਗ ਸੀ। ਫੁੱਟਨੋਟ 'ਚ ਲਿਖਿਆ ਹੈ ਕਿ ਸਰਕਾਰ ਨੂੰ ਸੁਤੰਤਰ ਭਾਸ਼ਣ 'ਤੇ ਉਚਿਤ ਪਾਬੰਦੀ ਲਾਉਣ ਵਾਲੇ ਕਿਸੇ ਵੀ ਕਾਨੂੰਨ ਨੂੰ ਬਣਾਉਣ ਤੋਂ ਨਹੀਂ ਰੋਕਿਆ ਜਾਵੇਗਾ ਜੋ ਭਾਰਤ ਦੀ ਪ੍ਰਭੂਸੱਤਾ, ਅਖੰਡਤਾ, ਸੂਬੇ ਦੀ ਸੁਰੱਖਿਆ, ਵਿਦੇਸ਼ੀ ਰਾਜਾਂ ਨਾਲ ਮਿੱਤਰਤਾ ਪੂਰਨ ਸਬੰਧ, ਜਨਤਕ ਵਿਵਸਥਾ, ਸ਼ਾਲੀਨਤਾ ਜਾਂ ਨੈਤਿਕਤਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਦੇ ਇਲਾਵਾ ਅਦਾਲਤ ਦੀ ਹੁਕਮ-ਅਦੂਲੀ, ਮਾਣਹਾਨੀ ਜਾਂ ਜੁਰਮ ਦੇ ਸਬੰਧ 'ਚ ਵੀ ਅਜਿਹਾ ਹੀ ਹੈ।

ਕੌਣ ਨਿਰਧਾਰਤ ਕਰੇਗਾ ਕਿ ਇਹ ਪਾਬੰਦੀ ਉਚਿਤ ਹੈ? ਸਰਕਾਰ ਨੇ ਸੰਵਿਧਾਨ ਸਭਾ ਦੇ ਰਾਹੀਂ ਕਿਸਾਨਾਂ ਨੇ ਖੁਦ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਦਿੱਤਾ ਸੀ, ਜੋ ਅੱਜ ਉਨ੍ਹਾਂ ਦੀ ਸਰਕਾਰ ਦੇ ਅਧੀਨ ਹੋ ਗਿਆ ਹੈ। ਪਾਬੰਦੀਆਂ ਮੰਗ ਦੇ ਕਾਰਨ ਨਹੀਂ ਆਈਆਂ, ਸਗੋਂ ਸਰਕਾਰ ਨੇ ਸੋਚਿਆ ਕਿ ਲੋਕਾਂ ਨੂੰ ਹੋਰ ਵੱਧ ਆਜ਼ਾਦੀ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਤਰ੍ਹਾਂ ਫੁੱਟਨੋਟਸ ਅਤੇ ਉਨ੍ਹਾਂ ਦੀਆਂ ਵਿਆਖਿਆਵਾਂ ਨੇ ਹੋਰ ਅਧਿਕਾਰਾਂ ਦੇ ਅਸਲੀ ਅਰਥ ਨੂੰ ਖੋਹ ਲਿਆ ਜਿਸ 'ਚ ਜ਼ਿੰਦਗੀ ਅਤੇ ਆਜ਼ਾਦੀ ਸ਼ਾਮਲ ਹੈ। ਭਾਰਤ 'ਚ ਸਰਕਾਰ ਅਪਰਾਧ ਕੀਤੇ ਬਿਨਾਂ ਲੋਕਾਂ ਨੂੰ ਜੇਲ 'ਚ ਸੁੱਟ ਸਕਦੀ ਹੈ। ਇਸ ਨੂੰ ਨਿਵਾਰਕ ਹਿਰਾਸਤ ਕਿਹਾ ਜਾ ਸਕਦਾ ਹੈ ਅਤੇ ਇੱਕ ਫੁੱਟਨੋਟ ਦੇ ਰਾਹੀਂ ਇਹ ਆਰਟੀਕਲ 21 ਅਤੇ 22 ਨੂੰ ਖਤਮ ਕਰ ਦਿੰਦੀ ਹੈ। ਇੱਕ ਸਰਕਾਰ, ਜੋ ਅਜਿਹੀ ਸ਼ਕਤੀ ਆਪਣੇ ਨਾਗਰਿਕਾਂ ਦੇ ਉਪਰ ਚਾਹੁੰਦੀ ਹੈ ਅਤੇ ਬ੍ਰਿਟਿਸ਼ ਰਾਜ ਦੇ ਦਰਮਿਆਨ ਫਰਕ ਕੀ ਹੈ? ਸਵਾਲ ਇਹ ਹੈ ਕਿ ਇਸ ਦੇ ਬਾਰੇ ਕੀ ਕੀਤਾ ਜਾ ਸਕਦਾ ਹੈ? ਸਪੱਸ਼ਟ ਤੌਰ 'ਤੇ ਇਸ ਦਾ ਹੱਲ ਇਹ ਹੈ ਕਿ ਸਰਕਾਰ ਉਸ ਨੁਕਸਾਨ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੇ, ਜੋ ਵਰ੍ਹਿਆਂ ਤੋਂ ਹੁੰਦਾ ਆਇਆ ਹੈ। ਧਾਰਾ 13 ਕਹਿੰਦੀ ਹੈ ਕਿ ਸੂਬਾ ਕੋਈ ਕਾਨੂੰਨ ਨਹੀਂ ਬਣਾਵੇਗਾ ਜੋ ਇਸ ਹਿੱਸੇ ਦੁਆਰਾ ਮਿਲੇ ਅਧਿਕਾਰਾਂ ਨੂੰ ਹਟਾਉਂਦਾ ਜਾਂ ਰੱਦ ਕਰਦਾ ਹੈ ਅਤੇ ਇਸ ਸੈਕਸ਼ਨ ਦੀ ਉਲੰਘਣਾ 'ਚ ਬਣਾਏ ਗਏ ਕੋਈ ਵੀ ਕਾਨੂੰਨ, ਉਲੰਘਣਾ ਦੀ ਹੱਦ ਤੱਕ ਸਿਫਰ ਹੋ ਜਾਵੇਗਾ। ਸਪੱਸ਼ਟ ਤੌਰ 'ਤੇ ਸਰਕਾਰ ਨੇ ਆਪਣੇ ਨਾਗਰਿਕਾਂ ਦੇ ਵਿਰੁੱਧ ਜ਼ਿਆਦਾ ਵਿਸ਼ਵਾਸ ਕੀਤਾ ਹੈ।

# ਕਦ ਮੁੱਕੇਗਾ ਦਿੱਲੀ ਤੋਂ ਪੰਜਾਬ ਨੂੰ ਲਾਸ਼ਾਂ ਦਾ ਸਿਲਸਿਲਾ ?

ਹਾਲੇ ਨਵੇਂ ਵਰ੍ਹੇ ਨੂੰ ਚੜਿਆ ਕੁਝ ਕੁ ਦਿਨ ਹੀ ਬੀਤੇ ਹਨ। ਆਸ ਤਾਂ ਇਹ ਸੀ ਕਿ ਨਵਾਂ ਵਰ੍ਹੇ ਦਾ ਅਗਾਜ਼ ਹੋਇਆ ਹੈ, ਸ਼ਾਇਦ ਸਰਕਾਰ ਨੇ ਵੀ ਜੁਲਮ ਨਾ ਕਰਨ ਦਾ ਸਕੰਲਪ



ਹਰਕੀਰਤ ਕੌਰ

ਲਿਆ ਹੋਵੇਗਾ। ਸੋਚਿਆ ਤਾਂ ਸੀ ਕਿ ਸ਼ਾਇਦ ਪੁਰਾਣਾ ਵਰ੍ਹਾ ਜਾਂਦਾ ਜਾਂਦਾ ਸਰਕਾਰਾਂ ਦੀਆਂ ਬੇਰੁਖੀਆਂ ਤੇ ਤਸ਼ੱਦਦ ਨੂੰ ਵੀ ਨਾਲ ਲੈ ਜਾਵੇਗਾ ਪਰ ਅਜਿਹਾ ਕੁਝ ਨਹੀਂ ਹੋਇਆ। ਸਰਕਾਰਾਂ ਦਾ ਉਹੀ ਤਾਨਾਸ਼ਾਹੀ ਰਵੱਈਆ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹਨਾਂ ਦਿਨਾਂ ਵਿੱਚ ਉੱਤਰੀ ਭਾਰਤ ਵਿੱਚ ਕੜਾਕੇਦਾਰ ਠੰਡ ਪੈ ਰਹੀ ਹੈ। ਆਦਰਾਂ ਨੂੰ ਚੀਰਵੇਂ ਕੋਰੇ ਤੇ ਧੁੰਦ ਵਿੱਚ ਹਰ ਵਿਅਕਤੀ ਨਾ ਸਰਦੇ ਨੂੰ ਘਰੋਂ ਬਾਹਰ ਪੈਰ ਰੱਖਦਾ ਹੈ। ਹਰੇਕ ਦੀ ਕੋਸ਼ਿਸ਼ ਇਹੋ ਹੈ ਕਿ ਜਿੰਨਾ ਹੋ ਸਕੇ ਰਜਾਈਆਂ ਦਾ ਨਿੱਘ ਮਾਣਿਆ ਜਾਵੇ। ਪਰ ਅਜਿਹੇ ਹਾਲਾਤਾਂ ਵਿੱਚ ਸਾਡੇ ਕਿਸਾਨ ਵੀਰ ਬਿਨਾਂ ਕਿਸੇ ਠੰਡ, ਮੀਂਹ ਤੇ ਸਰੀਰਕ ਕਸ਼ਟ ਦੀ ਪਰਵਾਹ ਕੀਤੇ , ਆਪਣੇ ਹੱਕਾਂ ਲਈ ਦਿੱਲੀ ਦੀਆਂ ਸੜਕਾਂ ਤੇ ਡੇਰੇ ਲਾਈ ਬੈਠੇ ਹਨ। ਜਦ ਇਹ ਮੁਹਿੰਮ ਦੀ ਸ਼ੁਰੂਆਤ ਹੋਈ ਸੀ ਤਾਂ ਕਿਸੇ ਨੇ ਨਹੀਂ ਸੀ ਸੋਚਿਆ ਕਿ ਇਹ ਮੁਹਿੰਮ ਇੱਕ ਇਤਹਾਸਿਕ ਅੰਦੋਲਨ ਦਾ ਰੂਪ ਇਖਤਿਆਰ ਕਰ ਲਵੇਗੀ। ਸਰਕਾਰਾਂ ਨੂੰ ਲੱਗਦਾ ਸੀ ਕਿ ਇੱਕ ਦੋ ਦਿਨ ਦੀ ਗੱਲ ਹੈ, ਇਹ ਕਿਹੜਾ ਘਰ ਬਾਰ ਛੱਡ ਪੱਕੇ ਡੇਰੇ ਲਾਉਣ ਲੱਗੇ ਹਨ! ਪਰ ਕਿਸਾਨ ਵੀਰਾਂ ਦੇ ਏਕੇ ਨੇ ਨਾ ਕੇਵਲ ਸਰਕਾਰਾਂ ਦੇ ਭੁਲੇਖੇ ਦੂਰ ਕੀਤੇ ਨਾਲ ਦੀ ਨਾਲ ਇਹ ਵੀ ਅਹਿਸਾਸ ਕਰਵਾ ਦਿੱਤਾ ਕਿ ਇਹ ਪੰਜਾਬੀਆਂ ਦੀ ਕੌਮ ਹੈ, ਮੈਦਾਨ ਫਤਹਿ ਕੀਤੇ ਬਿਨਾ ਮੈਦਾਨ ਛੱਡ ਕੇ ਨਹੀਂ ਭੱਜਦੇ। ਜਦੋਂ ਅਸੀਂ ਸਾਰੇ ਕਿਸਾਨੀ ਅੰਦੋਲਨ ਦੇ ਅਜਿਹੇ ਪੱਖ ਦੇਖਦੇ ਹਾਂ ਕਿ ਸਾਡੇ ਵਿੱਚ ਇਤਫ਼ਾਕ ਵਧਿਆ ਹੈ, ਭਰਾ ਭਰਾ ਨਾਲ ਖੜਾ ਹੈ, ਜਾਤਾਂ ਤੇ ਧਰਮਾਂ ਦੇ ਨਾਮ ਉੱਤੇ ਪਿਆ ਪਾੜਾ ਖਤਮ ਹੋਇਆ ਹੈ, ਨੌਜਵਾਨੀ ਆਪਣੇ ਹੱਕਾਂ ਲਈ ਲੜ ਰਹੀ ਹੈ, ਅਣਖ ਤੇ ਗੈਰਤ ਅੱਜ ਵੀ ਸਾਡੇ ਵਿੱਚ ਮੌਜੂਦ ਹੈ, ਤਾਂ ਸਾਡੇ ਮਨਾਂ ਨੂੰ ਖੁਸ਼ੀ ਮਿਲਦੀ ਹੈ। ਪਰ ਜਦ ਇਸਦੇ ਉਲਟ ਦੇਖਦੇ ਹਾਂ ਕਿ ਨਿੱਤ ਦਿਹਾੜੇ ਕੋਈ ਨਵੀਂ ਲਾਸ਼ ਦਿੱਲੀ ਤੋਂ ਪੰਜਾਬ ਵੱਲ ਨੂੰ ਆਉਂਦੀ ਹੈ ਤਾਂ ਮਨ ਅੰਦਰ ਧੂਹ ਪੈਂਦੀ ਹੈ ਕਿ ਆਖਰ ਕਦੋਂ ਲਾਸ਼ਾ ਦੇ ਦਿੱਲੀ ਤੋਂ ਪੰਜਾਬ ਆਉਣ ਦੇ ਸਿਲਸਿਲੇ ਨੂੰ ਠੱਲ੍ਹ ਪਵੇਗੀ। ਕੀ ਬੀਤਦੀ ਹੋਵੇਗੀ ਉਸ ਪਰਿਵਾਰ ਦੇ ਮੈਂਬਰਾਂ ਉੱਪਰ ਜਦ ਆਪਣੇ ਪੁੱਤ ਪੋਤਰਿਆਂ ਦੀ ਜਮੀਨ ਖਾਤਰ ਝੋਲਾ ਚੁੱਕ ਗਿਆ ਬਾਪੂ ਆਪ ਤੇ ਵਾਪਿਸ ਪਰਤਦਾ ਨਹੀਂ ਪਰ ਉਸ ਦੀ ਲਾਸ਼ ਜਰੂਰ ਆ ਜਾਂਦੀ! ਲੱਖ ਲਾਹਨਤ ਹੈ ਅਜਿਹੀ ਸਰਕਾਰ ਅਤੇ ਲੋਕਤੰਤਰ ਉੱਤੇ ਜੋ ਇਹ ਕਹਿ ਰਹੀ ਹੈ ਕਿ ਕਿਸਾਨ ਤਾਂ ਇੱਥੇ ਪਿਕਨਿਕ ਮਨਾ ਰਹੇ ਹਨ। ਹੁਣ ਮੈਂ ਆਪਣੀਆਂ ਸਰਕਾਰਾਂ ਨੂੰ ਇੱਕ ਸਵਾਲ ਪੁੱਛਣਾ ਚਾਹੁੰਦੀ ਹਾਂ ਕਿ , ਜਦ ਸਾਡੇ ਪੰਜਾਬ ਵਿੱਚ ਜਹਿਰੀਲੀ ਸ਼ਰਾਬ ਪੀਣ ਨਾਲ ਲਾਹਣੀ ਲੋਕ ਮਰਦੇ ਹਨ ਤਾਂ ਬਹੁਤ ਫਖਰ ਨਾਲ ਉਹਨਾਂ ਨੂੰ ਲੱਖਾਂ ਦੀ ਮਦਦ ਕੀਤੀ ਜਾਂਦੀ ਹੈ, ਪਰ ਜੋ ਕਿਸਾਨ ਵੀਰ ਪੰਜਾਬ ਦੇ ਹੱਕਾਂ ਲਈ ਲੜ ਰਹੇ ਹਨ, ਸ਼ਹੀਦੀਆਂ ਪ੍ਰਾਪਤ ਕਰ ਰਹੇ ਹਨ, ਉਹਨਾਂ ਲਈ ਤੁਸੀਂ ਕੀ ਕਰ ਰਹੇ ਹੋ, ਕੀ ਉਹਨਾਂ ਦੇ ਪਰਿਵਾਰਾਂ ਨੂੰ ਕੋਈ ਸਹੂਲਤ ਦਿੱਤੀ ਜਾ ਰਹੀ ਹੈ? ਪਰਿਵਾਰ ਦੇ ਇੱਕ ਮੈਂਬਰ ਦੇ ਹੀ ਤੁਰ ਜਾਣ ਨਾਲ ਪੂਰਾ ਘਰ ਮੂਧਾ ਪੈ ਜਾਂਦਾ ਹੈ, ਪਰ ਇਹ ਦਰਦ ਸਾਡੇ ਹਾਕਮਾਂ ਨੂੰ ਕੌਣ ਸਮਝਾਵੇ! ਕੇਂਦਰੀ ਸਰਕਾਰ ਦੀਆਂ ਬੇਰੁਖੀਆਂ ਨੇ ਲੋਕਾਂ ਦਾ ਲੋਕਤੰਤਰ ਤੋਂ ਭਰੋਸਾ ਪੂਰੀ ਤਰ੍ਹਾਂ ਚੁੱਕ ਦਿੱਤਾ ਹੈ। ਲੋਕ ਅਜਿਹੇ ਲੋਕਤੰਤਰ ਦੀ ਮੰਗ ਨਹੀਂ ਕਰਦੇ , ਜਿੱਥੇ ਜਨਤਾ ਨੂੰ ਆਪਣੇ ਹੀ ਬਣਦੇ ਹੱਕਾਂ ਲਈ ਲਾਠੀਆਂ ਖਾਣੀਆਂ ਪੈਣ, ਪਾਣੀ ਦੀਆਂ ਬੁਛਾੜਾਂ ਸਹਿਣੀਆਂ ਪੈਣ। ਸਰਕਾਰ ਨੂੰ ਚਾਹੀਦਾ ਹੈ ਕਿ ਆਪਣੀਆਂ ਜਿੱਦਾਂ, ਅੜੀਆਂ ਛੱਡ ਆਪਣੇ ਫਰਜ਼ ਨੂੰ ਪਹਿਚਾਣੇ ਅਤੇ ਲੋਕਾਂ ਨੂੰ ਉਹਨਾਂ ਦੇ ਬਣਦੇ ਹੱਕ ਦਿੱਤੇ ਜਾਣ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਤਹਾਸ ਗਵਾਹ ਹੈ ਕਿ ਪੰਜਾਬੀ ਵੱਡਿਆਂ ਵੱਡਿਆਂ ਦੀਆਂ ਅੜੀਆਂ ਭੰਨਣਾ ਚੰਗੀ ਤਰ੍ਹਾਂ ਜਾਣਦੇ ਹਨ!




# ਆਓ ਗਲਤੀਆਂ ਤੋਂ ਸਬਕ ਸਿੱਖੀਏ

-ਗੁਰਦਾਸ ਸਿੰਘ ਸੇਖੋਂ-

ਕੋਈ ਵੀ ਮਨੁੱਖ ਸਰਬ ਕਲਾ ਸੰਪੰਨ ਨਹੀਂ ਹੁੰਦਾ। ਹਰ ਮਨੁੱਖ ਵਿੱਚ ਕੋਈ ਨਾ ਕੋਈ ਊਣਤਾਈ ਜ਼ਰੂਰ ਹੁੰਦੀ ਹੈ, ਭਾਵ ਮਨੁੱਖ ਗਲਤੀਆਂ ਤੇ ਊਣਤਾਈਆਂ ਦਾ ਪੁਤਲਾ ਹੈ। ਸ਼ਾਇਦ ਹੀ ਕੋਈ ਅਜਿਹਾ ਇਨਸਾਨ ਹੋਵੇਗਾ, ਜਿਸ ਨੇ ਕਦੇ ਕੋਈ ਗਲਤੀ ਨਹੀਂ ਕੀਤੀ ਹੋਵੇਗੀ। ਗਲਤੀ ਕੰਮ ਵਿੱਚ ਰੁੱਝੇ ਰਹਿਣ ਦੀ ਨਿਸ਼ਾਨੀ ਵੀ ਹੈ। ਇਸ ਬਾਰੇ ਨੈਪੋਲੀਅਨ ਕਹਿੰਦਾ ਹੈ; 'ਜਿਸ ਨੇ ਕਦੀ ਗਲਤੀ ਨਹੀਂ ਕੀਤੀ, ਸਮਝੋ ਉਸ ਨੇ ਕਦੇ ਕੋਈ ਕੰਮ ਹੀ ਨਹੀਂ ਕੀਤਾ।' ਜੇ ਯਤਨ ਹਨ ਤਾਂ ਹੀ ਭੁੱਲਾਂ ਹਨ। ਜਿਸ ਦਿਨ ਭੁੱਲਾਂ ਤੇ ਗਲਤੀਆਂ ਰੁਕ ਗਈਆਂ, ਸਮਝੋ ਯਤਨ ਬੰਦ ਹੋ ਗਏ। ਸਪੱਸ਼ਟ ਹੈ ਕਿ ਜੇ ਕੋਈ ਕੰਮ ਕਰੋਗੇ ਤਾਂ ਗਲਤੀ ਦੀ ਗੁੰਜਾਇਸ਼ ਰਹੇਗੀ ਹੀ। ਵਿਹਲੜਾਂ ਨੇ ਕੀ ਭੁੱਲਾਂ ਤੇ ਗਲਤੀਆਂ ਕਰਨੀਆਂ ਹਨ? ਉਨ੍ਹਾਂ ਕੋਲ ਯਤਨ ਕਰਨ ਦਾ ਹੀਆ ਹੀ ਨਹੀਂ। ਗਲਤੀਆਂ ਜ਼ਿੰਦਗੀ ਦਾ ਅਟੁੱਟ ਅਤੇ ਅਹਿਮ ਹਿੱਸਾ ਹਨ। ਸਹੀ ਮਨੋਰਥ ਵੱਲ ਵਧਦਿਆਂ ਗਲਤੀ ਤੋਂ ਘਬਰਾਉਣਾ ਨਹੀਂ ਚਾਹੀਦਾ। ਅੱਜ ਦੀ ਗਲਤੀ ਆਉਣ ਵਾਲੇ ਕੱਲ੍ਹ ਲਈ ਤਜਰਬਾ ਹੈ। ਪ੍ਰਸਿੱਧ ਵਿਧਵਾਨ ਸ਼ੈਲੇ ਦਾ ਕਥਨ ਹੈ ਕਿ 'ਸਾਰਥਕ ਕੰਮ ਕਰਦਿਆਂ ਗਲਤੀਆਂ ਤੋਂ ਨਾ ਡਰੋ, ਹੁੰਦੀਆਂ ਹਨ ਤਾਂ ਹੋਣ ਦਿਓ ਕਿਉਂਕਿ ਗਲਤੀਆਂ ਦੇ ਸਿਲਸਿਲੇ ਨੂੰ ਹੀ ਬਾਅਦ 'ਚ ਤਜਰਬਾ ਆਖਦੇ ਹਨ।' ਕੰਮ ਕਰਨ ਦੀ ਗਲਤੀ ਕਰਨਾ, ਵਾਰ-ਵਾਰ ਇੱਕੋ ਗਲਤੀ ਕਰਨਾ ਮੂਰਖਤਾ ਦੀ ਨਿਸ਼ਾਨੀ ਹੈ। ਗਲਤੀ ਨੂੰ ਸੁਧਾਰਨ ਦਾ ਇੱਕ ਮੌਕਾ ਦੇਣਾ ਸੰਵੇਦਨਸ਼ੀਲਤਾ ਦਾ ਪ੍ਰਤੀਕ ਹੈ ਜਾਂ ਕਹਿ ਲਵੋ ਕਿ ਪਹਿਲੀ ਗਲਤੀ ਲਈ ਮੁਆਫ ਕੀਤਾ ਜਾ ਸਕਦਾ ਹੈ ਕਿਉਂਕਿ ਵਾਰ-ਵਾਰ ਕੀਤੀ ਗਲਤੀ ਕੁਤਾਹੀ ਬਣ ਜਾਂਦੀ ਹੈ। ਗੰਭੀਰ ਕੁਤਾਹੀ ਦੂਜਿਆਂ ਲਈ ਸੰਕਟ ਸਿਰਜ ਸਕਦੀ ਹੈ। ਕੁਤਾਹੀ ਨੂੰ ਅਣਗੌਲਿਆਂ ਕਰਨਾ ਇਸ ਦੇ ਦੁਹਰਾਉਣ ਨੂੰ ਹੱਲਾਸ਼ੇਰੀ ਦੇਣ ਸਮਾਨ ਹੈ।

ਅਰਸਤੂ ਦਾ ਕਥਨ ਹੈ 'ਆਪਣੀ ਗਲਤੀ ਮੰਨ ਲੈਣਾ ਅਪਮਾਨ ਨਹੀਂ, ਪਰ ਗਲਤੀ ਠੀਕ ਕਰਨ ਲਈ ਯਤਨ ਨਾ ਕਰਨਾ ਅਪਮਾਨ ਵਾਲੀ ਗੱਲ ਹੈ।' ਇਹ ਗੱਲ ਬਿਲਕੁਲ ਦਰੁਸਤ ਹੈ ਕਿ ਪਹਿਲੀ ਗਲਤੀ ਉਪਰੰਤ ਉਸ ਨੂੰ ਸੁਧਾਰਨ ਲਈ ਯਤਨ ਨਾ ਕਰਨਾ ਇੱਕ ਹੋਰ ਗਲਤੀ ਕਰਨ ਦੇ ਬਰਾਬਰ ਹੈ। ਕਿਸੇ ਦੀ ਗਲਤੀ ਨੂੰ ਗਲਤੀ ਨਾ ਕਹਿਣਾ ਵੀ ਉਸ ਨਾਲ ਧੋਖਾ ਕਰਨ ਦੇ ਬਰਾਬਰ ਹੈ।

ਗਲਤੀ ਭਾਵੇਂ ਬੇਧਿਆਨੀ, ਅਣਜਾਣਪੁਣੇ ਜਾਂ ਜਾਣ ਬੁੱਝ ਕੇ ਹੋਈ ਹੋਵੇ, ਇਸ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਗਲਤੀ ਸਵੀਕਾਰਨ ਨਾਲ ਕਿਰਦਾਰ ਨੀਵਾਂ ਨਹੀਂ, ਉਚੇਰਾ ਹੋ ਜਾਂਦਾ ਹੈ। ਗਲਤੀ ਸਵੀਕਾਰਨ ਤੇ ਸੁਧਾਰਨ ਦਾ ਸੰਕਲਪ ਵਿਰਲੇ ਲੋਕਾਂ ਵਿੱਚ ਹੁੰਦਾ ਹੈ। ਆਪਣੀ ਕਮਜ਼ੋਰੀ ਤੋਂ ਖੁਦ ਵਾਕਫੀਅਤ ਸਵੈ-ਪੜਚੋਲ ਤੇ ਆਤਮ ਚਿੰਤਨ ਦਾ ਧੁਰਾ ਤਿਆਰ ਕਰਦੀ ਹੈ। ਗਲਤੀ ਦਾ ਸਕਾਰ-ਾਤਮਕ ਪਹਿਲੂ ਇਹ ਹੈ ਕਿ ਇਸ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਤਰੀਕਾ, ਢੰਗ, ਵਿਧ ਜਾਂ ਰਸਤਾ ਇਸ ਦਾ ਹੱਲ ਨਹੀਂ। ਵਿਗਿਆਨੀਆਂ ਦੀਆਂ ਕਾਢਾਂ ਦੇ ਸਫਲ ਪ੍ਰਯੋਗ ਪਿੱਛੇ ਸੈਂਕੜੇ ਅਸਫਲ ਪ੍ਰਯੋਗ ਵੀ ਸਨ।

ਗਲਤੀਆਂ ਸਿਆਣਪ ਦਾ ਸਬਕ ਹੁੰਦੀਆਂ ਹਨ। ਦੂਜੇ ਇਨਸਾਨਾਂ ਦੇ ਗੁਣਾਂ ਨੂੰ ਗ੍ਰਹਿਣ ਕਰਨ ਦੇ ਨਾਲ ਉਸ ਦੀਆਂ ਗਲਤੀਆਂ ਤੋਂ ਸਿੱਖਣਾ ਚਾਹੀਦਾ ਹੈ। ਅਰਵਿੰਦ ਘੋਸ਼ ਨੇ ਕਿਹਾ ਹੈ ਕਿ 'ਅਖੀਰ ਵਿੱਚ ਇਸ ਗੱਲ ਦਾ ਮਹੱਤਵ ਨਹੀਂ ਰਹਿ ਜਾਵੇਗਾ ਕਿ ਤੁਸੀਂ ਕਿੰਨੀਆਂ ਗਲਤੀਆਂ ਕੀਤੀਆਂ। ਮਹੱਤਵ ਇਸ ਦਾ ਹੋਵੇਗਾ ਕਿ ਤੁਸੀਂ ਉਨ੍ਹਾਂ ਗਲਤੀਆਂ ਤੋਂ ਸਬਕ ਲੈ ਕੇ ਕਿੰਨੇ ਤਕੜੇ ਮਨੁੱਖ ਬਣੇ।' ਇਸ ਲਈ ਗਲਤੀ ਤੋਂ ਨਿਰਾਸ਼ ਹੋਣ ਦੀ ਥਾਂ ਇਸ ਦੀ ਪ੍ਰੋੜਤਾ ਕਰ ਕੇ ਲਿਖਦਾ ਹੈ ਕਿ 'ਗਲਤੀ ਮਨੁੱਖ ਨੂੰ ਸਿੱਧੇ ਰਸਤੇ ਵੱਲ ਲੈ ਜਾਂਦੀ ਹੈ।' ਅੱਜ ਦੀ ਗਲਤੀ ਕੱਲ੍ਹ ਲਈ ਨਵਾਂ ਰਾਹ ਬਣਾਉਂਦੀ ਹੈ ਤੇ ਅਖੀਰ ਗਲਤੀਆਂ ਦੀ ਵਧਦੀ ਗਿਣਤੀ ਸਬਕ ਦੀ ਹਮ-ਰਾਹੀ ਬਣ ਜਾਂਦੀ ਹੈ। ਫਿਰ ਇਹੀ ਸਬਕ ਵਿਸ਼ਵਾਸ ਨੂੰ ਖੇਰੂੰ-ਖੇਰੂੰ ਕਰ ਸਕਦੀ ਹੈ। ਗਲਤੀ ਲੁਕਾਉਣ ਨਾਲ ਅੰਤਰੀਵੀ ਮਨ ਖੰਡਿਤ ਹੁੰਦਾ ਹੈ। ਮਾਂ ਵੱਲੋਂ ਬੱਚੇ ਦੇ ਬਚਪਨ ਸਮੇਂ ਛੁਪਾਈ ਗਲਤੀ ਬਾਲਗ ਉਮਰੇ ਵਿਕਰਾਲ ਗੁਨਾਹ ਵਿੱਚ ਤਬਦੀਲ ਹੋ ਜਾਂਦੀ ਹੈ। ਮਾਂ ਵੱਲੋਂ ਬੱਚੇ ਦੇ ਹਰ ਚੰਗੇ-ਮਾੜੇ ਸੁਭਾਅ ਬਾਰੇ ਪਿਤਾ ਨੂੰ ਜਾਣੂ ਕਰਾਉਣਾ ਲਾਜ਼ਮੀ ਹੈ। ਬੱਚੇ ਨੂੰ ਚਰਿੱਤਰਵਾਨ ਤੇ ਚਰਿੱਤਰਹੀਣ ਵਖਰੇਵਿਆਂ ਬਾਬਤ ਇਤਿਹਾਸਕ ਵਰਤਾਰਿਆਂ ਦੀ ਮਿਸਾਲ ਦਿੰਦੇ ਰਹਿਣਾ ਚਾਹੀਦਾ ਹੈ। ਹਮੇਸ਼ਾ ਦੂਜਿਆਂ ਦੀਆਂ ਗਲਤੀਆਂ ਦੀ ਪੈੜ ਨੱਪਦੇ ਰਹਿਣਾ ਉਸਾਰੂ ਸੋਚ ਨਹੀਂ ਹੁੰਦੀ। ਉਂਝ ਵੀ ਗਲਤੀ ਲੱਭਣਾ ਆਸਾਨ ਨਹੀਂ ਹੁੰਦੀ, ਪਰ ਚੰਗੇਰਾ ਕਰ ਕੇ ਦਿਖਾਉਣਾ ਔਖਾ ਕਾਰਜ ਹੈ। ਆਪਣੀ ਗਲਤੀ ਤੋਂ ਜਾਣੂ ਹੋਣ ਦੇ ਬਾਵਜੂਦ ਗਲਤੀ ਛੁਪਾਉਣ ਤੇ ਖੁਦ ਨੂੰ ਨਿਰਦੋਸ਼ ਦੱਸਣ ਵਾਲੇ ਇਨਸਾਨ ਬੇਜ਼ਮੀਰੇ ਤੇ ਬਦਤਮੀਜ਼ ਮੰਨੇ ਜਾਂਦੇ ਹਨ।

ਕਈ ਵਾਰ ਗਲਤੀ ਓਨੀ ਵੱਡੀ ਨਹੀਂ ਹੁੰਦੀ, ਜਿੰਨੀ ਵੱਡੀ ਗਲਤਫਹਿਮੀ ਹੁੰਦੀ ਹੈ। ਬਰਨਾਰਡ ਸ਼ਾਅ ਅਨੁਸਾਰ ਗਲਤਫਹਿਮੀ ਵਿੱਚ ਫਸੇ ਰਹਿਣਾ ਗਲਤੀ ਕਰਨ ਤੋਂ ਵੀ ਵਧੇਰੇ ਖਤਰਨਾਕ ਹੁੰਦਾ ਹੈ।

ਸਵੈ-ਵਿਸ਼ਵਾਸ ਤੇ ਸਵੈ-ਗਲਤੀ ਨੂੰ ਅਣਦੇਖਿਆਂ ਕਰਨ ਵਾਲਾ ਸੁਜਾਖਾ ਨਹੀਂ ਹੁੰਦਾ, ਕਿਉਂਕਿ ਉਹ ਤੀਜੇ ਨੇਤਰ ਤੋਂ ਵਾਂਝਾ ਹੁੰਦਾ ਹੈ। ਜੇ ਉਹ ਸਿੱਖਣਾ ਚਾਹੇ ਤਾਂ ਹਰ ਠੋਕਰ ਤੋਂ ਸਿੱਖ ਸਕਦਾ ਹੈ। ਭਵਿੱਖ ਵਿੱਚ ਇਨ੍ਹਾਂ ਠੋਕਰਾਂ ਤੇ ਭੁੱਲਾਂ ਨੂੰ ਸੋਧ ਕੇ ਉਮੀਦਾਂ, ਉਮੰਗਾਂ ਤੇ ਉਮਾਹ ਨੂੰ ਗਲਵਕੜੀ ਪਾਈ ਜਾ ਸਕਦੀ ਹੈ। ਆਓ ਅੱਜ ਤੋਂ ਆਪਣੀ ਗਲਤੀ ਨੂੰ ਪਛਾਣੀਏ, ਪਰਖੀਏ, ਸਵੀਕਾਰੀਏ ਤੇ ਇਸ ਨੂੰ ਸੁਧਾਰਨ ਦਾ ਅਹਿਦ ਕਰੀਏ ਤਾਂ ਜੋ ਇੱਕ ਸਫਲ, ਸੁਨਹਿਰੀ ਅਤੇ ਸਨਮਾਨ ਜਨਕ ਭਵਿੱਖ ਦੀ ਸਿਰਜਣਾ ਕਰ ਸਕੀਏ।

# ਜੇ ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ


ਮੋਦੀ ਸਰਕਾਰ ਨੇ ਕਿਸਾਨਾਂ ਦੇ ਹੱਕਾਂ ਨੂੰ ਖੋਹ ਕੇ ਅਮੀਰ ਘਰਾਣਿਆਂ ਨੂੰ ਦਿਵਾਉਣ ਵਾਸਤੇ ਜੋ ਰਾਤੋ ਰਾਤ ਤਿੰਨ ਕਾਲੇ ਕਨੂੰਨ ਧੱਕੇ ਨਾਲ ਮੜ੍ਹ ਦਿਤੇ ਸਨ .ਉਹਨਾਂ ਨੂੰ ਰੱਦ ਕਰਾਉਂਣ ਵਾਸਤੇ ਕਿਸਾਨ 5 ਜੂਨ ਤੋਂ ਹੀ ਇਹ ਕਹਿਣ ਲਗ ਪਏ ਸਨ ਕਿ ਇਹ ਕਨੂੰਨ ਕਿਸਾਨਾਂ ਦੇ ਹੱਕ ਵਿਚ ਨਹੀਂ ਹਨ। ਇਹਨਾਂ ਕਨੂੰਨਾਂ ਦਾ ਵਿਰੋਧ ਹੌਲੀ ਹੌਲੀ ਪਿੰਡਾਂ ਤੋਂ ਸ਼ੁਰੂ ਹੋਇਆ ਜੋ ਅੱਜ ਦੁਨੀਆਂ ਲੈਵਲ ਤਕ ਪਹੁੰਚ ਗਿਆ ਹੈ। ਦੇਸ਼ ਬਿਦੇਸ਼ ਤੋਂ ਇਸ ਅੰਦੋਲਨ ਨੂੰ ਹੁੰਗਾਰਾ ਮਿਲਣ ਲਗ ਪਿਆ .ਸ਼ਾਇਦ ਹੀ ਕੋਈ ਇਹੋ ਜਿਹਾ ਇਨਸਾਨ ਹੋਵੇਗਾ ਜਿਹੜ੍ਹਾ ਇਸ ਅੰਦੋਲਨ ਦਾ ਹਿਸਾ ਨਾ ਬਣਿਆ ਹੋਵੇ। ਨਹੀਂ ਤਾਂ ਸਿੱਧੇ ਜਾਂ ਅਸਿੱਧੇ ਤੌਰ ਹਰੇਕ ਵਰਗ ਇਸ ਅੰਦੋਲਨ ਨਾਲ ਜੁੜ ਚੁਕੇ ਹਨ। ਸਭ ਤੋਂ ਵਧੀਆ ਗੱਲ ਇਹ ਹੋਈ ਹੈ ਕਿ ਕਿਸੇ ਸਿਆਸੀ ਬੰਦੇ ਨੂੰ ਇਸ ਦਾ ਹਿਸਾ ਨਹੀਂ ਬਣਨ ਦਿਤਾ ਗਿਆ। ਸ਼ਾਇਦ ਕੋਈ ਸਿਆਸੀ ਆਗੂ ਆ ਜਾਂਦੇ ਤੇ ਉਹ ਜਾਂ ਸਰਕਾਰ ਅਗੇ ਝੁਕ ਜਾਂਦੇ ਜਾਂ ਫਿਰ ਵਿਕ ਜਾਂਦੇ,ਪਰ ਇਥੇ ਅਜਿਹਾ ਨਹੀਂ ਵੇਖਣ ਨੂੰ ਮਿਲਿਆ। ਪੰਜਾਬ ਦੇ ਪਿੰਡ ਪਿੰਡ ਤੋਂ ਲੋਕ ਕਿਸਾਨ ਜਥੇਬੰਦੀਆਂ ਨਾਲ ਪਹਿਲਾ ਹੀ ਜੁੜੇ ਸਨ। ਜਿਹਨਾਂ ਨੇ ਇਕ ਦਮ ਇਨਾਂ ਵੱਡਾ ਐਕਸ਼ਨ ਲੈ ਲਿਆ ਹੈ। ਸਰਕਾਰ ਦੇ ਮਨ ਦੀ ਖਦਸ਼ਾ ਕੁਝ ਹੋਰ ਸੀ ਕਿ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ
(ਫਿਰੋਜ਼ਪੁਰ )
7589155501

ਇਹ ਦੋ ਚਾਰ ਕਿਸਾਨ ਕੀ ਕਰ ਲੈਣਗੇ । ਪਰ ਉਹ ਸਭ ਕੁਝ ਉਲਟਾ ਹੋ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕਲੇ ਪੰਜਾਬ ਤੋਂ ਨਹੀਂ ਬਲਕਿ ਕਿ ਸਮੁਚੇ ਭਾਰਤ ਦੇ ਕਿਸਾਨ ਇਸ ਅੰਦੋਲਨ ਦਾ ਹਿਸਾ ਬਣੇ ਹਨ। ਇਕ ਸੁਰ ਤੇ ਇਕ ਆਵਾਜ਼, ਇੱਕੋ ਅੰਦਾਜ਼ ਇਸ਼ਾਰੇ ਨਾਲ ਗੱਲ ਸਮਝਣ ਵਾਲੇ 40-45 ਕਿਸਾਨ ਲੀਡਰ ਜਦੋ ਟੇਬਲ ਤੇ ਸਰਕਾਰ ਸਾਹ-ਮਣੇ ਬੈਠਦੇ ਹਨ, ਉਸ ਵਕਤ ਸਾਰਿਆਂ ਦਾ ਧਿਆਨ ਇਕ ਹੁੰਦਾ ਹੈ ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ, ਮੋਨ ਧਾਰਨਾ ਹੈ ਜਾਂ ਲਿਖ ਕੇ ਸਾਰਿਆ ਨੇ ਹਾਂ ਜਾਂ ਨਾਂਹ ਕਰਨੀ, ਹੋਰ ਕੋਈ ਗੱਲ ਨਹੀਂ। ਗੱਲ ਕੀ ਕਿ ਸਰਕਾਰ ਇਹੋ ਸੋਚ ਰਹੀ ਹੈ ਇਹ ਇੰਨੇ ਇਕੱਠੇ ਕਿਵੇਂ ਹੋ ਗਏ ਹਨ ਫਿਰ ਅਲੱਗ ਅਲੱਗ ਜਾਤਾਂ, ਧਰਮਾਂ , ਕੀਤਿਆ ਤੇ ਖ਼ਿਤਿਆ ਦੇ ਲੋਕ ਸੁਰ ਤੇ ਆਵਾਜ਼ ਇਕ ਜਿਹੜਾ ਸਦੀਆਂ ਤੋਂ ਸਾਡੇ ਧਰਮਾਂ ਤੇ ਮਜ਼ਹਬਾਂ ਨੂੰ ਵੱਖ ਵੱਖ ਕੀਤਾ ਹੋਇਆ ਸੀ। ਉਹ ਅੱਜ ਸੰਸਾਰ ਦੇ ਸਾਹਮਣੇ ਇਕ ਮਿਸਾਲ ਬਣ ਕੇ ਖੜ੍ਹਾ ਹੋ ਗਿਆ ਹੈ ਪਹਿਲਾਂ ਤਾਂ ਸ਼ਾਇਦ ਨਾਹਰਿਆਂ ਵਿੱਚ ਹੀ ਸੁਣੀਂਦਾ ਸੀ .ਹਿੰਦੂ ,ਮੁਸਲਿਮ, ਸਿੱਖ ,ਈਸਾਈ ਸਭ ਨੇ ਭਾਈ ਭਾਈ ਸਭੇ ਜਾਤ ਏਕ ਹੈ ਪਹਿਚਾਨਬੋ। ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ "ਚਹੁ ਵਰਨਾ ਕੋ ਸਾਂਝਾ ਉਪਦੇਸ਼ "ਕੀਰਤ ਕਰਨੀ ,ਵੰਡ ਕੇ ਛੱਕਣਾ ਤੇ ਨਾਮ ਜਪਣਾ .ਜੋ ਅੱਜ ਸਾਨੂੰ ਸਾਰਿਆ ਨੂੰ ਸਾਹਮਣੇ ਨਜ਼ਰ ਆ ਰਿਹਾ ਹੈ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਹੁੰਦੀ। ਅੱਜ ਦਿੱਲੀ ਦੇ ਚਾਰ ਚੁਫੇਰੇ ਜਾ ਕੇ ਵੇਖੋ ਕਿ ਕੀ ਦ੍ਰਿਸ਼ ਬਣਿਆ ਹੋਇਆ ਹੈ। ਟਰਾਲੀਆਂ ਦਾ ਸ਼ਹਿਰ ਵਸਿਆ ਪਿਆ ਹੈ। ਸੇਵਾ ਕਰਨ ਵਾਲੇ ਦਿਨ ਰਾਤ ਥੱਕਦੇ ਹੀ ਨਹੀਂ। ਰਾਸ਼ਨ ਦੇ ਭੰਡਾਰ ਭਰੇ ਪਏ ਹਨ ਦੁੱਧ ਦੀਆਂ ਨਦੀਆਂ ਵਹਿ ਰਹੀਆਂ ਹਨ। ਭੋਜਨ ਛਤੀਆਂ ਪਦਾਰਥਾਂ ਵਾਲੇ ਬਣ ਰਹੇ ਹਨ, ਪੀਣ ਵਾਲੇ ਪਾਣੀ ਦੀ ਕੋਈ ਘਾਟ ਨਹੀਂ, ਡਾਕਟਰੀ ਸਹਾਇਤਾ ਸਭ ਚੜ੍ਹਦੀ ਕਲਾ ਹੈ, ਪਰ ਹੁਣ ਗੱਲ ਕਰੀਏ ਕਿ 8 ਵਾਰੀ ਸਰਕਾਰ ਤੇ ਕਿਸਾਨ ਆਪਸ ਵਿੱਚ ਮੀਟਿੰਗਾਂ ਕਰ ਚੁਕੇ ਹਨ। ਸਾਰੀਆਂ ਬੇ-ਸਿੱਟਾ ਹੀ ਰਹੀਆ ਪਤਾ ਨਹੀਂ ਹੋਰ ਕਿੰਨੀਆਂ ਕੁ ਮੀਟਿੰਗਾਂ ਬੇ ਸਿੱਟਾ ਰਹਿਣਗੀਆਂ। ਅਜੇ ਤਕ ਕੋਈ ਵੀ ਕਿਸੇ ਮਾਹਿਰ ਇਸ ਬਾਰੇ ਅੰਦਾਜ਼ਾ ਨਹੀਂ ਲਾ ਸੱਕਿਆ ਪਰ ਨੁਕਸਾਨ ਤਾਂ ਦੇਸ਼ ਦਾ ਹੋ ਰਿਹਾ ਹੈ ਦੇਸ਼ ਕੋਈ ਮੋਦੀ ਇੱਕਲੇ ਦਾ ਥੋੜ੍ਹਾ ਹੈ ਅਸੀਂ ਸਾਰੇ ਦੇਸ਼ ਵਾਸੀ ਹਾਂ ਸਾਡਾ ਵੀ ਹੱਕ ਬਣਦਾ ਹੈ। ਹੁਣ ਗੱਲ ਜਿੱਦ ਦੀ ਹੋ ਗਈ ਹੈ ਕਿ ਮੈ ਜਿੱਦ ਨਹੀਂ ਛੱਡਣੀ ਜਿਵੇ ਰਸਾ ਸੜ ਵੀ ਜਾਵੇ ਤਾਂ ਵੱਟ ਨਹੀਂ ਜਾਂਦੇ। ਉਹ ਗੱਲ ਮੋਦੀ ਸਰਕਾਰ ਦੀ ਹੋ ਚੁੱਕੀ ਹੈ। ਇੱਕੋ ਹੀ ਰੱਟ ਲਾ ਕੇ ਬੈਠ ਗਿਆ ਹੈ ਕਿ ਇਹ ਕਨੂੰਨ ਕਿਸਾਨਾਂ ਦੇ ਫਾਇਦੇ ਦੇ ਹਨ। ਜਦੋ ਕਿਸਾਨ ਕਹਿੰਦੇ ਹਨ ਸਾਨੂੰ ਲੋੜ ਨਹੀਂ ਫਾਇਦੇ ਦੀ ਬਸ ਗੱਲ ਤਾਂ ਇੰਨੀ ਹੈ ਹੋਰ ਤਾਂ ਕੋਈ ਨਹੀਂ ਜੇ ਕੋਈ ਫਾਇਦਾ ਨਹੀਂ ਲੈਣਾ ਚਾਹੁੰਦਾ ਤਾਂ ਉਸ ਨੂੰਧੱਕੇ ਨਾਲ ਫਾਇਦਾ ਨਾ ਦਿਉ .ਜਦੋ ਉਹਨਾਂ ਨੂੰ ਲੋੜ ਪਈ ਤਾਂ ਫਿਰ ਸਰਕਾਰ ਨੂੰ ਕਹਿ ਵੀ ਦੇਣਗੇ ਹੁਣ ਰਾਸ਼ਟਰਪਤੀ ਵੀ ਘੂਕ ਸੁੱਤਾ ਪਿਆ ਹੈ। ਉਸ ਨੂੰ ਕੋਈ ਦਸਣ ਵਾਲਾ ਨਹੀਂ ਹੈ ਕਿ ਵੇਖ ਦਿੱਲੀ ਦੇ ਚਾਰ ਚੁਫੇਰੇ ਕੀ ਹੋ ਰਿਹਾ ਹੈ , ਕਹਿਰ ਦੀ ਸਰਦੀ ਹੱਡ ਚੀਰਵੀਂ ਠੰਡ ਤੇ ਵਰਸਦੇ ਮੀਂਹ ਵਿੱਚ ਲੋਕ ਕਿਵੇਂ ਬੈਠੇ ਹੋਏ ਹਨ, ਕੀ ਕਸੂਰ ਹੈ ਬਜ਼ੁਰਗ ਮਾਤਾਵਾਂ ਦਾ, ਨੌਜਵਾਨ ਭੈਣਾਂ ਦਾ, ਨੌਜਵਾਨ ਗਬਰੂਆਂ ਦਾ ਤੇ ਬਜ਼ੁਰਗਾਂ ਦਾ ,ਕੀ ਉਹ ਕਿਸਾਨ ਕਿਉਂ ਬਣੇ ਕੀ ਕਿਸਾਨ ਬਣਨ ਦੀ ਇੰਨੀ ਵੱਡੀ ਸਜ਼ਾ ਹੈ , ਜੇ ਕਿਸਾਨ ਨਾ ਰਹੇ ਤਾਂ ਇਨਸਾਨ ਕਿਵੇਂ ਰਹਾਂਗੇ ਇਹ ਸੋਚਣ ਦਾ ਵਿਸ਼ਾ ਹੈ, ਕਿਸਾਨ ਤਾਂ ਇੱਕ ਹੀ ਆਵਾਜ਼ ਵਿੱਚ ਇਹੋ ਕਹਿ ਰਹੇ ਹਨ ਕਿ "ਜੇ ਕਨੂੰਨ ਵਾਪਿਸ ਨਹੀਂ ਤੇ ਘਰ ਵਾਪਸ ਨਹੀਂ" ਜੇ ਸਰਕਾਰ ਤੇ ਕਿਸਾਨ ਦੋਵੇਂ ਧਿਰਾਂ ਜਿੱਦ ਤੇ ਅੜ੍ਹੀਆਂ ਰਹੀਆਂ ਤਾਂ ਹੱਲ ਕਿਵੇਂ ਨਿਕਲੇਗਾ। ਮੈਨੂੰ ਵਾਰ-ਵਾਰ ਪੰਜਾਬੀ ਗੀਤ ਦੀਆਂ ਸਤਰਾਂ ਯਾਦ ਆ ਰਹੀਆਂ ਹਨ *"ਜੇ ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ"।*

## ਕਵਿਤਾ



ਲਵਲੀਨ ਕੌਰ ਸੰਧੂ

ਰੰਗਾਂ ਨੂੰ ਨਾ ਬੇਰੰਗ ਕਰੀਏ,
ਖੁਦ-ਖੁਸ਼ੀ ਕਰਕੇ ਨਾ ਪੀੜਾਂ ਤੋਂ ਕਿਨ-ਾਰਾ ਕਰੀਏ,
ਜਾਣ ਅਣਮੁੱਲੀ ਨੂੰ ਨਾ ਬੇਮੁੱਲੀ ਕਰੀਏ,
ਖੁਦਕੁਸ਼ੀ ਕਰ ਕੇ ਨਾ ਇਸ ਸੰਘਰਸ਼ ਨੂੰ ਕਮਜ਼ੋਰ ਕਰੀਏ,
ਬੈਠੇ ਨੇ ਸਾਡੇ ਤੇਕਈ ਆਸਾਂ ਲਾਕੇ,
ਖੁਦਕੁਸ਼ੀ ਕਰ ਕੇ ਨਾਂ ਇਹਨਾਂ ਨੂੰ ਨਿਰਾਸ਼ ਕਰੀਏ,
ਜਗਦੇ ਚਿਰਾਗਾਂ ਨੂੰ ਬੁਝਾਅ ਕੇ ਨਾ ਹਨੇਰਾ ਕਰੀਏ,
ਖੁਦ-ਖੁਸ਼ੀ ਕਰਕੇ ਨਾ ਕਿਸਾਨੀ ਜੰਗ ਨੂੰ ਅਧੂਰਾ ਕਰੀਏ,
ਕਿਸਾਨੀ ਜੰਗ ਦਾ ਅਸੀਂ ਰਲ ਮਿਲ ਕੇ ਸਫਰ ਪੂਰਾ ਕਰੀਏ,
ਖੁਦ-ਖੁਸ਼ੀ ਕਰਕੇਇਸ ਜੰਗ ਦੀ ਫ਼ੌਜ ਨੂੰ ਨਾਘੱਟ ਕਰੀਏ,
ਜਿੱਤ ਕੇ ਹੀ ਜਾਵਾਂਗੇ ਇਸ ਜਜ਼ਬੇ ਨੂੰ ਦਿੱਲ ਚ ਧਰੀਏ,
ਟਰੈਕਟਰ ਟਰਾਲੀਆਂ ਭਰਕੇ ਆਓ ਸਾਰੇ ਦਿੱਲੀ ਨੂੰ ਚੱਲੀਏ।
*"ਕਿਸਾਨ ਏਕਤਾ ਜ਼ਿੰਦਾਬਾਦ"*

## ਉਧਾਰ ਦਿੱਤੇ 15 ਲੱਖ ਰੁਪਏ ਵਾਪਸ ਮੰਗੇ ਤਾਂ ਮਹਿਲਾ ਨੇ ਨੌਜਵਾਨ ਦਾ ਅਸ਼ਲੀਲ ਵੀਡੀਓ ਬਣਾ ਕੇ 8 ਲੱਖ ਠੱਗੇ



ਬਠਿੰਡਾ, 12 ਜਨਵਰੀ (ਪੋਸਟ ਬਿਊਰੋ)- ਇੱਕ ਔਰਤ ਨੂੰ ਉਧਾਰ ਦਿੱਤੇ 15 ਲੱਖ ਰੁਪਏ ਵਾਪਸ ਮੰਗਣ ’ਤੇ ਮਹਿਲਾ ਨੇ ਸਾਜ਼ਿਸ਼ ਦੇ ਤਹਿਤ ਉਸ ਵਿਅਕਤੀ ਨੂੰ ਘਰ ਬੁਲਾ ਕੇ ਉਸ ਦੇ ਕੱਪੜੇ ਉਤਰਵਾ ਕੇ ਪਿਸਤੌਲ ਦੀ ਨੋਕ ਉੱਤੇ ਅਸ਼ਲੀਲ ਵੀਡੀਓ ਬਣਾ ਲਈ। ਇਸ ਦੇ ਬਾਅਦ ਵੀਡੀਓ ਸੋਸ਼ਲ ਮੀਡੀਆ ਵਿੱਚ ਵਾਇਰਲ ਕਰਨ ਅਤੇ ਬਲਾਤਕਾਰ ਦਾ ਝੂਠਾ ਕੇਸ ਦਰਜ ਕਰਾਉਣ ਦੀ ਧਮਕੀ ਦੇ ਕੇ ਅੱਠ ਲੱਖ ਰੁਪਏ ਹੋਰ ਠੱਗ ਲਏ। ਦੋਸ਼ੀਆਂ ਤੋਂ ਬਚ ਕੇ ਪੀੜਤ ਨੇ ਪੁਲਸ ਨੂੰ ਜਾਣਕਾਰੀ ਦਿੱਤੀ ਤਾਂ ਪੁਲਸ ਨੇ ਮਾਮਲੇ ਦੀ ਜਾਂਚ ਦੇ ਬਾਅਦ ਚਾਰ ਔਰਤਾਂ ਸਮੇਤ ਛੇ ਜਣਿਆਂ ਖਿਲਾਫ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀਆਂ ਦੀ ਪਛਾਣ ਜਸਵਿੰਦਰ ਕੌਰ, ਮਨਦੀਪ ਕੌਰ, ਸਰਬਜੀਤ ਕੌਰ, ਪੰਮੀ, ਬਲਦੇਵ ਸਿੰਘ ਅਤੇ ਸੰਦੀਪ ਸਿੰਘ ਵਾਸੀ ਬਠਿੰਡਾ ਦੇ ਤੌਰ ’ਤੇ ਹੋਈ ਹੈ।

ਪਿੰਡ ਮਾਹੀਨੰਗਲ ਦੇ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਬਾਬਾ ਦੀਪ ਸਿੰਘ ਨਗਰ ਵਿੱਚ ਰਹਿੰਦੀ ਮਨਦੀਪ ਕੌਰ ਨਾਲ ਜਾਣ-ਪਛਾਣ ਦੇ ਕਾਰਨ ਉਸ ਨੂੰ ਕਿਸੇ ਕੰਮ ਲਈ 15 ਲੱਖ ਰੁਪਏ ਉਧਾਰ ਦਿੱਤੇ ਸਨ। ਮਨਦੀਪ ਕੌਰ ਨੇ ਕੁਝ ਦਿਨ ਵਿੱਚ ਪੈਸੇ ਵਾਪਸ ਕਰਨ ਦਾ ਕਿਹਾ ਸੀ, ਪਰ ਵਾਪਸ ਨਹੀਂ ਕੀਤੇ। ਸੁਖਵਿੰਦਰ ਨੇ ਜਦ ਮਨਦੀਪ ਕੌਰ ਤੋਂ ਪੈਸੇ ਮੰਗੇ ਤਾਂ ਉਸ ਨੇ ਕਿਹਾ ਕਿ ਉਹ ਬਾਬਾ ਦੀਪ ਸਿੰਘ ਨਗਰ ਵਿੱਚ ਜਸਵਿੰਦਰ ਕੌਰ ਦੇ ਘਰ ਆ ਜਾਏ। ਇਸ ਦੇ ਬਾਅਦ ਜਦ ਉਹ ਜਸਵਿੰਦਰ ਕੌਰ ਦੇ ਘਰ ਗਿਆ ਤਾਂ ਉਥੇ ਪਹਿਲਾਂ ਤੋਂ ਮਨਦੀਪ ਕੌਰ, ਜਸਵਿੰਦਰ ਕੌਰ, ਸਰਬਜੀਤ ਕੌਰ, ਪੰਮੀ, ਬਲਦੇਵ ਸਿੰਘ ਅਤੇ ਸੰਦੀਪ ਸਿੰਘ ਅਤੇ ਕੁਝ ਅਣਪਛਾਤੇ ਲੋਕ ਸਨ। ਇਨ੍ਹਾਂ ਦੋਸ਼ੀਆਂ ਨੇ ਉਸ ਨੂੰ ਘਰ ਵਿੱਚ ਬੰਦ ਕਰ ਕੇ ਕੱਪੜੇਉਤਰਵਾ ਕੇ ਧਮਕੀ ਦਿੱਤੀ ਕਿ ਜੇ ਪੈਸੇ ਮੰਗੇ ਤਾਂ ਵੀਡੀਓ ਵਾਇਰਲ ਕਰ ਦੇਣਗੇ ਤੇ ਰੇਪ ਦਾ ਕੇਸ ਦਰਜ ਕਰਵਾ ਦੇਣਗੇ। ਇਸ ਦੇ ਬਾਅਦ ਦੋਸ਼ੀਆਂ ਨੇ ਵੀਡੀਓ ਡਿਲੀਟ ਕਰਨ ਦੇ ਬਦਲੇ ਅੱਠ ਲੱਖ 10 ਹਜ਼ਾਰ ਹੋਰ ਹੜੱਪ ਲਏ।

## ਕਾਰਪੈਂਟਰ ਦੇ ਬੇਟੇ ਨੂੰ ਇੰਗਲੈਂਡ ਭੇਜਣ ਦੇ ਨਾਂਅ ਉੱਤੇ ਦੋ ਲੱਖ ਰੁਪਏ ਠੱਗ ਲਏ

ਜਲੰਧਰ, 12 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲੇ ਦੇ ਥਾਣਾ ਆਦਮਪੁਰ ਦੇ ਕਪੂਰ ਪਿੰਡ, ਅੱਡਾ ਕਠਾਰ ਦੇ ਇੱਕ ਨੌਜਵਾਨ ਨੂੰ ਇੰਗਲੈਂਡ ਭੇਜਣ ਦੇ ਨਾਂਅ ਉੱਤੇ ਦੋ ਲੱਖ ਦੀ ਠੱਗੀ ਦਾ ਕੇਸ ਦਰਜ ਕੀਤਾ ਗਿਆ ਹੈ।



ਪੀੜਤ ਜੋਗਿੰਦਰ ਪਾਲ ਨੇ ਪੁਲਸ ਨੂੰ ਕਿਹਾ ਕਿ ਉਹ ਪਿੰਡ ਕਾਰਪੈਂਟਰ ਦਾ ਕੰਮ ਕਰਦਾ ਹੈ ਅਤੇ ਉਸ ਨੇ ਆਪਣੇ ਬੇਟੇ ਗੁਰਪ੍ਰੀਤ ਨੂੰ ਇੰਗਲੈਂਡ ਭੇਜਣਾ ਸੀ। ਉਹ ਆਪਣੇ ਰਿਸ਼ਤੇਦਾਰ ਦੁਆਰਾ ਦੋਸ਼ੀ ਟ੍ਰੈਵਲ ਏਜੰਟ ਜਸਵਿੰਦਰ ਰਾਮ ਉਰਫ ਸੋਨੀ ਪਿੰਡ ਵਰਨਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਨੂੰ ਮਿਲਿਆ ਅਤੇ ਦਸ ਲੱਖ ਵਿੱਚ ਸੌਦਾ ਤੈਅ ਕੀਤਾ। ਬਾਅਦ ਵਿੱਚ ਦੋਸ਼ੀ ਨੂੰ ਕੁੱਲ ਦੋ ਲੱਖ ਰੁਪਏ ਦਿੱਤੇ ਗਏ ਸਨ। ਦੋਸ਼ੀ ਨੇ ਕਿਹਾ ਕਿ ਵੀਜ਼ਾ ਲੱਗ ਗਿਆ ਅਤੇ ਜਾਅਲੀ ਟਿਕਟ ਦੀ ਫੋਟੋ ਵੀ ਭੇਜੇ ਸਨ। ਸਮਾਂ ਬੀਤਣ ਦੇ ਨਾਲ ਦੋਸ਼ੀ ਬਹਾਨੇ ਲਾਉਣ ਲੱਗਾ ਤਾਂ ਹਾਰ ਕੇ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ। ਪੁਲਸ ਨੇ ਪਹਿਲਾਂ ਰਾਜ਼ੀਨਾਮਾ ਕਰਵਾ ਦਿੱਤਾ ਸੀ, ਜਿਸ ਵਿੱਚ ਤੈਅ ਹੋਇਆ ਕਿ ਉਹ 1.50 ਲੱਖ ਰੁਪਏ ਵਾਪਸ ਦੇਵੇਗਾ, ਪਰ ਤਿੰਨ ਕਿਸ਼ਤਾਂ ਵਿੱਚ, ਇਸ ਦੇ ਬਾਅਦ ਦੋਸ਼ੀ ਨੇ ਪੈਸੇ ਨਹੀਂ ਮੋੜੇ। ਫਿਰ ਪੀੜਤਾਂ ਨੇ ਇਸਦੀ ਸ਼ਿਕਾਇਤ ਐਸ ਐਸ ਪੀ ਨੂੰ ਦਿੱਤੀ, ਜਿਸ ਦੀ ਜਾਂਚ ਥਾਣਾ ਆਦਮਪੁਰ ਨੂੰ ਸੌਂਪੀ ਗਈ। ਪੁਲਸ ਨੇ ਜਾਂਚ ਦੇ ਬਾਅਦ ਪਰਚਾ ਦਰਜ ਕਰ ਲਿਆ ਹੈ।

## ਭਰੂਣ ਟੈਸਟ ਸੈਂਟਰ ਦੀ ਸਕੈਨ ਮਸ਼ੀਨ ਅਤੇ ਰਿਕਾਰਡ ਜ਼ਬਤ

ਨਵਾਂਸ਼ਹਿਰ, 12 ਜਨਵਰੀ (ਪੋਸਟ ਬਿਊਰੋ)- ਬਲਾਚੌਰ ਵਿੱਚ ਨਾਜਾਇਜ ਤੌਰ ’ਤੇ ਚਲਾਏ ਜਾ ਰਹੇ ਭਰੂਣ ਟੈਸਟ ਕਰਨ ਵਾਲੇ ਸਕੈਨ ਸੈਂਟਰ ’ਤੇ ਪੰਜਾਬ ਸਟੇਟ ਸਿਹਤ ਵਿਭਾਗ ਦੀ ਟੀਮ ਨੇ ਸਥਾਨਕ ਸਿਹਤ ਪ੍ਰਸ਼ਾਸਨ ਅਤੇ ਪੁਲਸ ਦੇ ਸਹਿਯੋਗ ਨਾਲ ਛਾਪੇਮਾਰੀ ਕੀਤੀ ਤਾਂ ਇਸ ਦੌਰਾਨ ਫਰਜ਼ੀ ਗਾਹਕ ਰਾਹੀਂ ਹੋਈ ਡੀਲ ਦੌਰਾਨਵਸੂਲ ਕੀਤੀ 26,500 ਰੁਪਏ ਦੀ ਰਕਮ, ਸਕੈਨ ਮਸ਼ੀਨ, ਹਸਪਤਾਲ ਦਾ ਰਿਕਾਰਡ ਅਤੇ ਤਿੰਨ ਮੋਬਾਈਲ ਫੋਨ ਜ਼ਬਤ ਕੀਤੇ ਗਏ।

ਇਸ ਜ਼ਿਲੇ ਦੇ ਸਿਵਲ ਸਰਜਨ ਡਾ. ਗੁਰਦੀਪ ਸਿੰਘ ਕਪੂਰ ਨੇ ਦੱਸਿਆ ਕਿ ਸਟੇਟ ਸਿਹਤ ਵਿਭਾਗ ਨੂੰ ਉਕਤ ਨਾਜ-ਾਇਜ ਸਕੈਨ ਸੈਂਟਰ ਦੀ ਸੂਚਨਾ ਮਿਲੀ ਸੀ, ਜਿਸ ’ਤੇ ਸਿਹਤ ਵਿਭਾਗ ਨੇ ਅੰਬਾਲੇ ਦੀ ਡਿਪਟੀ ਸਿਵਲ ਸਰਜਨ ਡਾ. ਬਲਵਿੰਦਰ ਕੌਰ ਦੀ ਅਗਵਾਈ ਹੇਠ ਟੀਮ ਬਣਾ ਕੇ ਛਾਪੇਮਾਰੀ ਕੀਤੀ। ਇਸ ਮੌਕੇ ਫਰਜ਼ੀ ਗਾਹਕ ਤਿਆਰ ਕਰਕੇ ਉਕਤ ਸੈਂਟਰ ਦੇ ਨਾਲ 35 ਹਜ਼ਾਰ ਰੁਪਏ ਵਿੱਚ ਭਰੂਣ ਟੈਸਟਲਈ ਡੀਲ ਫਾਈਨਲ ਕੀਤੀ ਗਈ ਸੀ। ਉਕਤ ਸਕੈਨ ਸੈਂਟਰ ਦੇ ਡਾਕਟਰ ਤੋਂ 19,500 ਰੁਪਏ ਅਤੇ ਮਿਡਲਮੈਨ ਤੋਂ ਸੱਤ ਹਜ਼ਾਰ ਰੁਪਏ ਦੀ ਰਾਸ਼ੀ ਬਰਾਮਦ ਹੋਈ ਹੈ। ਪਤਾ ਲੱਗਾ ਹੈ ਕਿ ਉਕਤ ਸਕੈਨ ਸੈਂਟਰ ’ਤੇ ਕਰੀਬ ਇੱਕ ਮਹੀਨਾ ਪਹਿਲਾਂ ਵੀ ਕਾਰਵਾਈ ਹੋਈ ਸੀ। ਡਾ. ਕਪੂਰ ਨੇ ਦੱਸਿਆ ਕਿ ਸੈਂਟਰ ਦੇ ਖ਼ਿਲਾਫ਼ ਕਾਰਵਾਈ ਲਈ ਪੁਲਸ ਨੂੰ ਕਹਿ ਦਿੱਤਾ ਗਿਆ ਅਤੇ ਵਿਭਾਗ ਵੀ ਕਾਰਵਾਈ ਕਰ ਰਿਹਾ ਹੈ।

## ਪੈਦਲ ਜਾਂਦੇ ਵਿਅਕਤੀ ਨੂੰ ਤੇਜ਼ ਰਫਤਾਰ ਟੈਂਪੂ ਟ੍ਰੈਵਲਰ ਦੀ ਟੱਕਰ ਨਾਲ ਇੱਕ ਦੀ ਮੌਤ

ਅਲਾਵਲਪੁਰ, 12 ਜਨਵਰੀ (ਪੋਸਟ ਬਿਊਰੋ)- ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਉਤੇ ਚੌਕ ਕਿਸ਼ਨਗੜ੍ਹ ਵਿੱਚ ਕੱਲ੍ਹ ਰਾਤ ਤੇਜ਼ ਰਫਤਾਰ ਟੈਂਪੂ ਟ੍ਰੈਵਲਰ ਡਰਾਈਵਰਨੇ ਪੈਦਲ ਜਾਂਦੇ ਵਿਅਕਤੀ ਨੂੰ ਟੱਕਰ ਮਾਰ ਦਿੱਤੀ ਤਾਂ ਉਸ ਦੀ ਮੌਤ ਹੋ ਗਈ। ਪੁਲਸ ਨੇ ਮਾਮਲਾ ਦਰਜ ਕਰ ਕੇ ਡਰਾਈਵਰਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।




ਮਿਲੀ ਜਾਣਕਾਰੀ ਅਨੁਸਾਰ ਅਲਾਵਲਪੁਰ ਦੇ ਮੁਹੱਲਾ ਸਰੀਹਾਂ ਦਾ59 ਸਾਲਾ ਇੰਦਰਜੀਤ ਜੋਸ਼ੀ ਜਲੰਧਰ ਰੇਲਵੇ ਰੋਡ ਉਤੇ ਟੀ ਵੀ ਰਿਪੇਅਰ ਦੀ ਦੁਕਾਨ ਕਰਦਾ ਸੀ। ਐਤਵਾਰ ਸ਼ਾਮ ਨੂੰ ਉਹ ਅਲਾਵਲਪੁਰ ਵਿਖੇ ਆਪਣੇ ਘਰ ਜਾ ਰਿਹਾ ਸੀ। ਕਰੀਬ 9.15 ਵਜੇ ਜਦ ਉਹ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਉਤੇ ਚੌਕ ਕਿਸ਼ਨਗੜ੍ਹ ਨੂੰ ਕ੍ਰਾਸ ਕਰਕੇ ਆਪਣੀ ਸਾਈਡ ’ਤੇ ਅਲਾਵਲਪੁਰ ਵੱਲ ਆ ਰਿਹਾ ਸੀ ਤਾਂ ਭੋਗਪੁਰ ਵੱਲੋਂ ਆਏ ਇੱਕ ਤੇਜ਼ ਰਫਤਾਰ ਟੈਂਪੂ ਟ੍ਰੈਵਲਰ ਡਰਾਈਵਰਨੇ ਇੰਦਰਜੀਤ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਹਾਦਸੇ ਮਗਰੋਂ ਟੈਂਪੂ ਟ੍ਰੈਵਲਰ ਦਾ ਡਰਾਈਵਰਫਰਾਰ ਹੋ ਗਿਆ। ਲੋਕਾਂ ਨੇ ਐਂਬੂਲੈਂਸ ਦੀ ਸਹਾਇਤਾ ਨਾਲ ਜ਼ਖਮੀ ਨੂੰ ਸਿਵਲ ਹਸਪਤਾਲ ਕਾਲਾ ਬੱਕਰਾ ਵਿਖੇ ਪਹੁੰਚਾਇਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਸੂਚਨਾ ਮਿਲਦੇ ਸਾਰ ਅਲਾਵਲਪੁਰ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ ਅਤੇ ਮ੍ਰਿਤਕ ਦੇ ਬੇਟੇ ਕਰਣ ਜੋਸ਼ੀ ਦੇ ਬਿਆਨ ਉੱਤੇ ਅਣਪਛਾਤੇ ਟੈਂਪੂ ਟ੍ਰੈਵਲਰ ਡਰਾਈਵਰਦੇ ਖਿਲਾਫ ਥਾਣਾ ਆਦਮਪੁਰ ਵਿੱਚ ਮਾਮਲਾ ਦਰਜ ਕਰ ਕੇ ਚਾਲਕ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਪੁਲਸ ਚੌਕੀ ਅਲਾਵਲਪੁਰ ਦੇ ਇੰਚਾਰਜ ਪਰਮਜੀਤ ਸਿੰਘ ਨੇ ਦੱਸਿਆ ਕਿ ਟੈਂਪੂ ਟ੍ਰੈਵਲਰ ਡਰਾਈਵਰਨੂੰ ਫੜਨ ਲਈ ਨੈਸ਼ਨਲ ਹਾਈਵੇ ’ਤੇ ਟੋਲ ਪਲਾਜ਼ਾ ਅਤੇ ਹੋਰਨਾਂ ਸਥਾਨਾਂ ਉਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਨੂੰ ਚੈਕ ਕੀਤਾ ਜਾ ਰਿਹਾ ਹੈ।

## ਐਸ ਐਸ ਪੀ ਨੂੰ ਸ਼ਿਕਾਇਤ ਪਿੱਛੋਂ ਕੁੱਤੇ ਦੀ ਹੱਤਿਆ ਦਾ ਕੇਸ ਦਰਜ

ਜਲੰਧਰ, 12 ਜਨਵਰੀ (ਪੋਸਟ ਬਿਊਰੋ)- ਕਰਤਾਰਪੁਰ ਨੇੜਲੇ ਪਿੰਡ ਪੱਤੜ ਕਲਾਂ ਵਿੱਚ ਦੋ ਕਸਾਈ ਭਰਾਵਾਂ ਨੇ ਮਿਲ ਕੇ ਤੇਜ਼ਧਾਰ ਹਥਿਆਰਾਂ ਨਾਲ ਇੱਕ ਪਾਲਤੂ ਕੁੱਤੇ ਦਾ ਕਤਲ ਕਰ ਦਿੱਤਾ। ਥਾਣਾ ਕਰਤਾਰਪੁਰ ਦੀ ਪੁਲਸ ਨੇ ਪੰਜ ਦਿਨ ਕੋਈ ਕਾਰਵਾਈ ਨਾ ਕੀਤੀ ਤਾਂ ਕੁੱਤੇ ਦੇ ਮਾਲਕ ਨੇ ਐਸ ਐਸ ਪੀ ਦਿਹਾਤੀ ਡਾਕਟਰ ਸੰਦੀਪ ਗਰਗ ਨੂੰ ਸ਼ਿਕਾਇਤ ਦਿੱਤੀ। ਇਸ ਦੇ ਬਾਅਦ ਕੁੱਤੇ ਦਾ ਪੋਸਟਮਾਰਟਮ ਕਰਵਾਇਆ ਗਿਆ।

ਐਸ ਐਸ ਪੀ ਨੂੰ ਦਿੱਤੀ ਸ਼ਿਕਾਇਤ ਵਿੱਚ ਪਿੰਡ ਪੱਤੜ ਕਲਾਂ ਵਾਸੀ ਬਲਜੀਤ ਸਿੰਘ ਉਰਫ ਸੁੱਖਾ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਸਾਲ ਪਹਿਲਾਂ ਪਾਲਤੂ ਕੁੱਤਾ ਰੱਖਿਆ ਸੀ। ਉਨ੍ਹਾਂ ਦੀ ਗਲੀ ਵਿੱਚ ਕਾਫੀ ਦਿਨਾਂ ਤੋਂ ਆਵਾਰਾ ਕੁੱਤੇ ਗਾਇਬ ਹੋ ਰਹੇ ਸਨ। ਇਸ ਕਾਰਨ ਉਹ ਆਪਣੇ ਕੁੱਤੇ ਨੂੰ ਬੰਨ੍ਹ ਕੇ ਰੱਖਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਮੁਹੱਲੇ ਵਿੱਚ ਰਹਿੰਦਾ ਕਸਾਈ ਜੋਗਾ ਅਤੇ ਉਸ ਦਾ ਭਰਾ ਕੁੱਤੇ ਚੁੱਕ ਰਹੇ ਹਨ ਅਤੇ ਉਨ੍ਹਾਂ ਨੂੰ ਕੱਟ ਕੇ ਮੀਟ ਵੇਚਦੇ ਹਨ। ਇਸ ਬਾਰੇ ਉਨ੍ਹਾਂ ਦੀ ਉਨ੍ਹਾਂ ਨਾਲ ਬਹਿਸ ਵੀ ਹੋਈ ਸੀ। ਛੇ ਜਨਵਰੀ ਨੂੰ ਉਨ੍ਹਾਂ ਦਾ ਪਾਲਤੂ ਕੁੱਤਾ ਉਨ੍ਹਾਂ ਦੇ ਦੋਸਤ ਦੇ ਨਾਲ ਪਿੱਛੇ-ਪਿੱਛੇ ਚਲਾ ਗਿਆ। ਰਸਤੇ ਵਿੱਚ ਕਸਾਈ ਜੋਗੇ ਦੀ ਦੁਕਾਨ ਸੀ, ਜਿਸ ਨੇ ਕੁੱਤੇ ਨੂੰ ਤੇਜ਼ਧਾਰ ਹਥਿਆਰਾਂ ਨਾਲ ਬੁਰੀ ਤਰ੍ਹਾਂ ਕੱਟ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਉਸ ਦੇ ਦੋਸਤ ਨੇ ਉਨ੍ਹਾਂ ਨੂੰ ਇਸ ਦੀ ਸੂਚਨਾ ਦਿੱਤੀ। ਇਸ ਦੇ ਬਾਅਦ ਉਹ ਸਰਪੰਚ ਨੂੰ ਦੱਸਣ ਜਾ ਰਹੇ ਸਨ ਤਾਂ ਰਸਤੇ ਵਿੱਚ ਦੋਵਾਂ ਕਸਾਈ ਭਰਾਵਾਂ ਨੇ ਉਨ੍ਹਾਂ ਨਾਲ ਮਾਰਕੁੱਟ ਕੀਤੀ ਤੇ ਫਿਰ ਹਸਪਤਾਲ ਦਾਖਲ ਹੋ ਗਏ ਅਤੇ ਉਨ੍ਹਾਂ ਖਿਲਾਫ ਝੂਠੇ ਬਿਆਨ ਦਰਜ ਕਰਵਾ ਦਿੱਤੇ। ਬਲਜੀਤ ਸਿੰਘ ਨੇ ਐਸ ਐਸ ਪੀ ਤੋਂ ਇਨਸਾਫ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਵੀ ਅਜਿਹਾ ਕੇਸ ਸਾਹਮਣੇ ਆ ਚੁੱਕਾ ਹੈ। ਲੋਕਾਂ ਦੇ ਪਾਲਤੂ ਕੁੱਤੇ ਅਚਾਨਕ ਗਾਇਬ ਹੋਣ ਲੱਗੇ ਸਨ। ਬਾਅਦ ਵਿੱਚ ਇੱਕ ਕਸਾਈ ਵੱਲੋਂ ਕੁੱਤੇ ਦੀ ਹੱਤਿਆ ਦਾ ਮਾਮਲਾ ਸਾਹ-ਮਣੇ ਆਇਆ ਸੀ।

## ਸੜਕ ਹਾਦਸੇ ’ਚ ਨੌਜਵਾਨ ਦਾ ਸਿਰ ਧੜ ਨਾਲੋਂ ਵੱਖ ਹੋ ਗਿਆ

ਤਲਵੰਡੀ ਸਾਬੋ, 12 ਜਨਵਰੀ (ਪੋਸਟ ਬਿਊਰੋ)- ਸਬ-ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਕੋਰੇਆਣਾ ਵਿਖੇ ਕੱਲ੍ਹ ਸ਼ਾਮ ਇੱਕ ਮੋਟਰਸਾਈਕਲ ਤੇ ਕਿਸੇ ਅਣਪਛਾਤੇ ਵਾਹਨ ਨਾਲ ਹੋਏ ਹਾਦਸੇ ’ਚ ਇੱਕ ਨੌਜਵਾਨ ਦਾ ਸਿਰ ਕੱਟੇ ਜਾਣ ਨਾਲ ਮੌਤ ਹੋ ਗਈ ਅਤੇ ਇੱਕ ਨੌਜਵਾਨ ਜ਼ਖਮੀ ਹੋ ਗਿਆ। ਤਲਵੰਡੀ ਸਾਬੋ ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਨੌਜਵਾਨ ਚਮਕੌਰ ਸਿੰਘ ਪੁੱਤਰ ਛਿੰਦਰ ਸਿੰਘ ਵਾਸੀ ਹਰਿਆਊ ਜ਼ਿਲ੍ਹਾ ਸੰਗਰੂਰ ਨਿੱਜੀ ਕੰਪਨੀ ’ਚ ਕਰਜ਼ਾ ਦੇਣ ਦਾ ਕੰਮ ਕਰਦਾ ਸੀ, ਜੋ ਆਪਣੇ ਮੁਲਾਜ਼ਮ ਸਾਥੀ ਅਜੇ ਕੁਮਾਰ ਪੁੱਤਰ ਰੋਸ਼ਨ ਲਾਲ ਵਾਸੀ ਉਤਰ ਪ੍ਰਦੇਸ਼ ਮੌਜੂਦਾ ਵਾਸੀ ਕਾਲਿਆਂਵਾਲੀ ਨਾਲ ਮੋਟਰਸਾਈਕਲ ’ਤੇ ਇਲਾਕੇ ’ਚ ਕਿਸ਼ਤਾਂ ਵਗੈਰਾ ਲੈਣ ਆਏ ਸਨ। ਜਦ ਸ਼ਾਮ ਨੂੰ ਉਹ ਤਲਵੰਡੀ ਸਾਬੋ ਦੇ ਪਿੰਡਾਂ ’ਚੋਂ ਹੋ ਕੇ ਕਲਿਆਂਵਾਲੀ ਵਾਪਸ ਜਾ ਰਹੇ ਸਨ ਤਾਂ ਕੋਰੇਆਣਾ ਕੋਲ ਕਿਸੇ ਅਣਪਛਾਤੇ ਵਾਹਨ ਨਾਲ ਉਨ੍ਹਾਂ ਦਾ ਮੋਟਰਸਾਈਕਲ ਟਕਰਾ ਗਿਆ, ਜਿਸ ਦੌਰਾਨ ਨੌਜਵਾਨ ਚਮਕੌਰ ਸਿੰਘ ਦਾ ਸਿਰ ਧੜ ਤੋਂ ਅਲੱਗ ਹੋ ਗਿਆ ਤੇ ਅਜੇ ਕੁਮਾਰ ਮਾਮੂਲੀ ਜ਼ਖਮੀ ਹੋ ਗਿਆ। ਪਤਾ ਲੱਗਦੇ ਸਾਰ ਤਲਵੰਡੀ ਸਾਬੋ ਦੇ ਸਹਾਰਾ ਕਲੱਬ ਦੇ ਮੈਂਬਰ ਹੈਪੀ ਸਿੰਘ ਨੇ ਲਾਸ਼ ਨੂੰ ਤਲਵੰਡੀ ਸਾਬੋ ਦੇ ਸ਼ਹੀਦ ਬਾਬਾ ਦੀਪ ਸਿੰਘ ਹਸਪਤਾਲ ਵਿੱਚ ਲਿਆਂਦਾ ਤੇ ਜ਼ਖਮੀ ਨੂੰ ਇਲਾਜ ਲਈ ਭਰਤੀ ਕਰਵਾ ਦਿੱਤਾ, ਜਿੱਥੇ ਜ਼ਖਮੀ ਦਾ ਇਲਾਜ ਚੱਲ ਰਿਹਾ ਹੈ।ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਹਾਦਸੇ ਦੀ ਗੱਲ ’ਤੇ ਸ਼ੱਕ ਜ਼ਾਹਰ ਕਰਦੇ ਹੋਏ ਕਤਲ ਦਾ ਸ਼ੱਕ ਜ਼ਾਹਰ ਕਰਦਿਆਂ ਪੁਲਸ ਤੋਂ ਗਹਿਰਾਈ ਨਾਲ ਮਾਮਲੇ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਉਧਰ ਡੀ ਐਸ ਪੀ ਤਲਵੰਡੀ ਸਾਬੋ ਨਰਿੰਦਰ ਸਿੰਘ ਖੁਦ ਮਾਮਲੇ ਦੀ ਜਾਂਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਤਰ੍ਹਾਂ ਦੀ ਜਾਂਚ ਦੌਰਾਨ ਗੱਲ ਸਾਹਮਣੇ ਆਵੇਗੀ ਉਸ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

## ਹੋਟਲ ਵਿੱਚ ਪਤਨੀ ਦਾ ਜਨਮ ਦਿਨ ਮਨਾਉਣ ਲਈ ਆਏ ਨੌਜਵਾਨ ਨੇ ਆਤਮ ਹੱਤਿਆ ਕਰ ਲਈ



ਬਠਿੰਡਾ, 12 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਬੱਸ ਸਟੈਂਡ ਦੇ ਪਿੱਛੇ ਇੱਕ ਹੋਟਲ ਵਿੱਚ ਇੱਕ ਨੌਜਵਾਨ ਨੇ ਪੱਖੇ ਨਾਲ ਲਟਕ ਕੇ ਖੁਦਕੁਸ਼ੀਕਰ ਲਈ ਹੈ। ਨੌਜਵਾਨ ਨੇ ਜਦ ਇਹ ਕਦਮ ਚੁੱਕਿਆ, ਓਦੋਂ ਉਸ ਦੀ ਪਤਨੀ ਵੀ ਕਮਰੇ ਵਿੱਚ ਸੀ, ਪਰਖੁਦਕੁਸ਼ੀਤੋਂ ਪਹਿਲਾਂ ਉਸ ਨੇ ਪਤਨੀ ਨੂੰ ਸ਼ਰਾਬ ਪਿਲਾ ਕੇ ਬੇਹੋਸ਼ ਕਰ ਦਿੱਤਾ ਸੀ।

ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਨੇ ਇੱਕ ਸਾਲ ਪਹਿਲਾਂ ਪ੍ਰੇਮ ਵਿਆਹ ਕਰਵਾਇਆ ਸੀ ਅਤੇ ਉਸ ਦੇ ਪਰਵਾਰ ਵਾਲੇ ਇਸ ਵਿਆਹ ਤੋਂ ਖੁਸ਼ ਨਹੀਂ ਸਨ, ਜਿਸ ਕਾਰਨ ਘਰ ਝਗੜਾ ਰਹਿੰਦਾ ਸੀ। ਕੱਲ੍ਹ ਉਹ ਆਪਣੀ ਪਤਨੀ ਦਾ ਜਨਮ ਦਿਨ ਮਨਾਉਣ ਲਈ ਉਕਤ ਹੋਟਲ ਵਿੱਚ ਆਇਆ ਸੀ। ਇਸੇ ਦੌਰਾਨ ਦੋਵਾਂ ਵਿੱਚ ਅਜਿਹੀ ਕੋਈ ਗੱਲ ਹੋਈ, ਜਿਸ ਤੋਂ ਦੁਖੀ ਹੋ ਕੇ ਨੌਜਵਾਨ ਨੇ ਖੁਦਕੁਸ਼ੀਕਰਨ ਵਰਗਾ ਕਦਮ ਚੁੱਕਿਆ। ਪੁਲਸ ਮਾਮਲਾ ਦਰਜ ਕਰ ਕੇ ਬੇਹੋਸ਼ ਮਹਿਲਾ ਦੇ ਹੋਸ਼ ਵਿੱਚ ਆਉਣ ਦਾ ਇੰਤਜ਼ਾਰ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਹੰਸ ਨਗਰ ਵਿੱਚ ਰਹਿੰਦੇ 25 ਸਾਲ ਦੇ ਨੌਜਵਾਨ ਪਵਨ ਕੁਮਾਰ ਨੇ ਪਤਨੀ ਦਾ ਜਨਮ ਦਿਨ ਮਨਾਉਣ ਲਈ ਬੱਸ ਸਟੈਂਡ ਦੇ ਨੇੜੇ ਹੋਟਲ ਦੀ ਦੁਪਹਿਰ 12 ਵਜੇ ਬੁਕਿੰਗ ਕਰਵਾਈ ਸੀ। ਉਸਨੇ ਹੋਟਲ ਸਟਾਫ ਨੂੰ ਦੱਸਿਆ ਕਿ ਉਹ ਜਨਮ ਦਿਨ ਮਨ੍ਹਾ ਰਹੇ ਹਨ ਅਤੇ ਸ਼ਾਮ ਪੰਜ ਵਜੇ ਹੋਟਲ ਛੱਡ ਦੇਣਗੇ। ਪੰਜ ਵਜੇ ਦੇ ਬਾਅਦ ਵੀ ਜਦ ਉਹ ਲੋਕ ਕਮਰੇ ਤੋਂ ਨਹੀਂ ਨਿਕਲੇ ਤਾਂ ਹੋਟਲ ਸਟਾਫ ਨੇ ਦਰਵਾਜ਼ਾ ਖੜਕਾਇਆ, ਪਰ ਕੋਈ ਰਿਸਪਾਂਸ ਨਾ ਮਿਲਣ ’ਤੇ ਉਨ੍ਹਾਂ ਨੇ ਇਸਦੀ ਜਾਣਕਾਰੀ ਪੁਲਸ ਨੂੰ ਦਿੱਤੀ ਅਤੇ ਦਰਵਾਜ਼ਾ ਤੋੜ ਕੇ ਅੰਦਰ ਦਾਖਲ ਹੋਏ। ਕਮਰੇ ਵਿੱਚ ਮਹਿਲਾ ਬੇਹੋਸ਼ੀ ਦੀ ਹਾਲਤ ਵਿੱਚ ਪਈ ਸੀ ਅਤੇ ਨੌਜਵਾਨ ਪੱਖੇ ਨਾਲ ਲਟਕਿਆ ਹੋਇਆ ਸੀ।

## ਲੋਹੜੀ ਸਮਾਗਮ ਮੌਕੇ ਗੋਲੀ ਲੱਗਣ ਨਾਲ ਨੌਜਵਾਨ ਦੀ ਮੌਤ

ਤਲਵੰਡੀ ਸਾਬੋ, 12 ਜਨਵਰੀ (ਪੋਸਟ ਬਿਊਰੋ)- ਪਿੰਡ ਰਾਈਆ ਦੇ ਇੱਕ ਘਰ ਵਿੱਚ ਕਰਵਾਏ ਜਾ ਰਹੇ ਲੋਹੜੀ ਸਮਾਗਮ ਦੌਰਾਨ ਖੁਸ਼ੀ ਦਾ ਮਾਹੌਲ ਓਦੋਂ ਗਮੀ ਵਿੱਚ ਬਦਲ ਗਿਆ ਜਦੋਂ ਰਿਸ਼ਤੇਦਾਰੀ ’ਚੋਂ ਆਏ ਇੱਕ ਨੌਜਵਾਨ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ।

ਇਸ ਬਾਰੇ ਮ੍ਰਿਤਕ ਨੌਜਵਾਨ ਦੇ ਚਾਚਾ ਗੁਰਸੇਵਕ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪੱਕਾ ਸ਼ਹੀਦਾਂ (ਹਰਿਆਣਾ) ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਭਤੀਜੇ ਹਰਜੀਤ ਸਿੰਘ ਨਾਲ ਆਪਣੇ ਨਾਨਕੇ ਪਿੰਡ ਰਾਈਆ ਵਿੱਚ ਇੱਕ ਲੋਹੜੀ ਸਮਾਗਮ ਵਿੱਚ ਸ਼ਾਮਲ ਹੋਣ ਆਇਆ ਸੀ। ਰਾਤ ਉਸ ਦਾ ਰਿਸਤੇਦਾਰ ਸੁਰਜੀਤ ਸਿੰਘ ਅਤੇ ਹਰਜੀਤ ਸਿੰਘ ਇਕੱਠੇ ਸਨ। ਇਸ ਦੌਰਾਨ ਸੁਰਜੀਤ ਨੇ ਆਪਣਾ ਰਿਵਾਲਵਰ ਹਰਜੀਤ ਨੂੰ ਫੜਾ ਦਿੱਤਾ। ਜਦੋਂ ਉਹ ਰਿਵਾਲਵਰ ਚੈਕ ਕਰਨ ਲੱਗਿਆ ਤਾਂ ਉਸ ’ਚੋਂ ਗੋਲੀ ਚੱਲ ਗਈ, ਜੋ ਉਸ ਦੀ ਛਾਤੀ ਵਿੱਚ ਲੱਗੀ। ਇਸ ਮਗਰੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਗੁਰਸੇਵਕ ਸਿੰਘ ਨੇ ਕਿਹਾ ਕਿ ਇਹ ਹਾਦਸਾ ਅਚਾਨਕ ਅਤੇ ਕੁਦਰਤੀ ਵਾਪਰਿਆ ਹੈ। ਉਹ ਕਿਸੇ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰਵਾਉਣਾ ਚਾਹੁੰਦਾ।

ਦੂਜੇ ਪਾਸੇ ਪੁਲਸ ਵੱਲੋਂ ਕੀਤੀ ਜਾਂਚ ਦੌਰਾਨ ਪਤਾ ਲੱਗਾ ਕਿ ਸੁਰਜੀਤ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਰਾਈਆ ਲੋਹੜੀ ਸਮਾਗਮ ਦੌਰਾਨ ਖੁਸ਼ੀ ਵਿੱਚ ਹਵਾਈ ਫਾਇਰ ਕਰ ਰਿਹਾ ਸੀ। ਇਸ ਦੌਰਾਨ ਉਸ ਕੋਲੋਂ ਨੀਵਾਂ ਫਾਇਰ ਹੋ ਗਿਆ, ਜਿਸ ਕਾਰਨ ਗੋਲੀ ਹਰਜੀਤ ਦੀ ਛਾਤੀ ਵਿੱਚ ਜਾ ਵੱਜੀ ਤੇ ਉਸ ਦੀ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਅਨੁਸਾਰ ਸੁਰਜੀਤ ਸਿੰਘ ਖਿਲਾਫ ਧਾਰਾ 304, 336 ਆਈ ਪੀ ਸੀ ਅਤੇ ਅਸਲਾ ਐਕਟ ਤਹਿਤ ਕਾਰਵਾਈ ਬਣਦੀ ਹੈ, ਪਰ ਸ਼ਿਕਾਇਤਕਰਤਾ ਕਿਸੇ ਖਿਲਾਫ ਕਾਰਵਾਈ ਨਹੀਂ ਕਰਵਾਉਣਾ ਚਾਹੁੰਦਾ।

## ਨੂੰਹ ਦੇ ਪੇਕਿਆਂ ਤੋਂ ਤੰਗ ਆਏ ਸਹੁਰੇ ਨੇ ਖੁਦਕੁਸ਼ੀ ਕੀਤੀ

ਫਿਰੋਜ਼ਪੁਰ, 12 ਜਨਵਰੀ (ਪੋਸਟ ਬਿਊਰੋ)- ਸਟੱਡੀ ਕਰਨ ਲਈ ਆਸਟਰੇਲੀਆ ਗਏ ਪਤੀ ਦੇ ਕੋਲ ਬੇਟੀ ਨੂੰ ਭੇਜਣ ਦੇ ਲਈ ਪੇਕਿਆਂ ਨੇ ਸਹੁਰਿਆਂ ਉੱਤੇ ਪਹਿਲਾਂ ਦਬਾਅ ਪਾਇਆ। ਫਿਰ ਬੇਟੀ ਨੂੰ ਪੇਕੇ ਲਿਜਾ ਕੇ ਕੇਸ ਦਰਜ ਕਰਨ ਦੀ ਧਮਕੀ ਦਿੱਤੀ। ਮਜ਼ਬੂਰੀ ਦੱਸਣ ’ਤੇ ਵੀ ਜਦ ਉਹ ਨਹੀਂ ਮੰਨੇ ਤਾਂ ਨੂੰਹ ਦੇ ਸਹੁਰੇ ਨੇ ਜ਼ਹਿਰ ਨਿਗਲ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਥਾਣਾ ਕੁਲਗੜੀ ਦੇ ਪਿੰਡ ਕਮਸਰ ਦੇ ਰਾਜੀਵ ਸ਼ਰਮਾ ਦੇ ਰੂਪ ਵਿੱਚ ਹੋਈ ਹੈ।ਮ੍ਰਿਤਕ ਦੇ ਭਰਾ ਦੀ ਸ਼ਿਕਾਇਤ ’ਤੇ ਨੂੰਹ ਦੇ ਭਰਾ, ਮਾਮੇ ਅਤੇ ਵਿਆਹ ਕਰਵਾਉਣ ਵਾਲਿਆਂ ਸਮੇਤ ਸੱਤ ਜਣਿਆਂ ਉੱਤੇ ਆਤਮਹੱਤਿਆ ਦੇ ਲਈ ਮਜਬੂਰ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ।



ਪਤਾ ਲੱਗਾ ਹੈ ਕਿ ਰਾਜੀਵ ਸ਼ਰਮਾ ਦਾ ਬੇਟਾ ਬਲਜੀਤ ਸ਼ਰਮਾ ਦੋ ਸਾਲ ਪਹਿਲਾਂ ਪੜ੍ਹਾਈ ਦੇਲਈ ਆਸਟਰੇਲੀਆ ਗਿਆ ਸੀ, ਜਿਸ ਦੇ ਬਾਅਦ ਉਸ ਦਾ ਵਿਆਹ ਤਲਵੰਡੀ ਭਾਈ ਦੀ ਪਰਮਿੰਦਰਪਾਲ ਨਾਲ ਹੋਇਆ। ਪਰਮਿੰਦਰਪਾਲ ਨੇ ਵੀ ਪਤੀ ਦੇ ਨਾਲ ਆਸਟਰੇਲੀਆ ਜਾਣਾ ਸੀ। ਰਾਜੀਵ ਦੇ ਭਰਾ ਸੰਜੀਵ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਭਤੀਜਾ ਪਤਨੀ ਨੂੰ ਆਸਟਰੇਲੀਆ ਲਿਜਾਣਾ ਚਾਹੁੰਦਾ ਸੀ, ਪਰ ਕੋਰੋਨਾ ਕਾਰਨ ਪਤਨੀ ਪਰਮਿੰਦਰਪਾਲ ਆਈਲੈਟਸ ਕਲੀਅਰ ਨਾ ਕਰ ਸਕੀ, ਫਿਰ ਵੀ ਭਤੀਜਾ ਫਾਈਲ ਤਿਆਰ ਕਰਵਾ ਰਿਹਾ ਸੀ,ਪਰ ਪਰਮਿੰਦਰਪਾਲ ਨੂੰ ਆਸਟਰੇਲੀਆ ਭੇਜਣ ਦੇ ਲਈ ਉਸ ਦੇ ਪਰਵਾਰ ਵਾਲੇ ਲਗਾਤਾਰ ਦਬਾਅ ਪਾ ਰਹੇ ਸਨ। ਭਰਾ ਰਾਜੀਵ ਇਸ ਗੱਲ ਕਾਰਨ ਮਾਨਸਿਕ ਪੱਖੋਂ ਪ੍ਰੇਸ਼ਾਨ ਰਹਿਣ ਲੱਗਾ। ਪਰਮਿੰਦਰਪਾਲ ਦੇ ਪਰਵਾਰ ਵਾਲੇ ਰਾਜੀਵ ਨੂੰ ਪਰਚਾ ਦਰਜ ਕਰਵਾਉਣ ਦੀ ਧਮਕੀ ਦਿੰਦੇ ਰਹੇ। ਰਾਜੀਵ ਦੇ ਜ਼ਹਿਰ ਖਾਣ ਤੋਂ ਇੱਕ ਮਹੀਨਾ ਪਹਿਲਾਂ ਦੋਸ਼ੀਦਬਾਅ ਬਣਾਉਣ ਲਈਪਰਮਿੰਦਰਪਾਲ ਨੂੰ ਪੇਕੇ ਲੈ ਗਏ।ਸ਼ਿਕਾਇਤ ਦੇ ਮੁਤਾਬਕ ਨੂੰਹ ਦੇ ਭਰਾ ਅਤੇ ਮਾਮਾ ਕਹਿੰਦੇ ਸਨ ਕਿ ਉਨ੍ਹਾਂ ਨੇ ਬੇਟੀ ਨੂੰ ਵਿਦੇਸ਼ ਸੈਟਲ ਕਰਾਉਣ ਲਈ ਵਿਆਹ ਕੀਤਾ ਸੀ। ਰਾਜੀਵ ਨੂੰ ਆਤਮਹੱਤਿਆ ਲਈ ਮਜਬੂਰ ਕਰਨ ’ਤੇ ਲੜਕੀ ਦੇ ਭਰਾ ਸਿਮਰਜੀਤ ਸ਼ਰਮਾ, ਲਵਪ੍ਰੀਤ ਸ਼ਰਮਾ, ਮਾਮਾ ਕੁਲਦੀਪ ਸ਼ਰਮਾ, ਪ੍ਰਦੀਪ ਸ਼ਰਮਾ, ਵਿਚੋਲਾ ਨਰੇਸ਼ ਢੱਲ, ਮਹਿੰਦਰ ਢੱਲ ਅਤੇ ਗੁਰਮੇਜ ਸਿੰਘ ’ਤੇ ਕੇਸ ਦਰਜ ਕੀਤਾ ਗਿਆ ਹੈ।

## ਸਰਦੀ ਤੋਂ ਬਚਣ ਲਈ ਕਮਰੇ ਵਿੱਚ ਬਾਲੀ ਅੰਗੀਠੀ ਨਾਲ ਪੁੱਤਰ ਦੀ ਮੌਤ

ਫਿਲੌਰ, 12 ਜਨਵਰੀ (ਪੋਸਟ ਬਿਊਰੋ)- ਸਰਦੀ ਤੋਂ ਬਚਣ ਲਈ ਘਰ ਦੇ ਕਮਰੇ ’ਚ ਬਾਲੀ ਗਈ ਕੋਲੇ ਦੀ ਅੰਗੀਠੀ ਨਾਲ ਇੱਕ ਘਰ ਦਾ ਚਿਰਾਗ ਬੁੱਝ ਗਿਆ। ਕੋਲੇ ਦੀ ਗੈਸ ਚੜ੍ਹਨ ਨਾਲ ਸੌਂ ਰਹੇ ਬੇਟੇ ਦੀ ਮੌਤ ਹੋ ਗਈ, ਜਦੋਂ ਕਿ ਪਿਤਾ ਦੀ ਹਾਲਤ ਨਾਜ਼ੁਕ ਹੈ, ਜਿਸ ਨੂੰ ਡਾਕਟਰਾਂ ਨੇ ਵੈਂਟੀਲੇਟਰ ’ਤੇ ਰੱਖਿਆ ਹੋਇਆ ਹੈ। ਮਿਲੀ ਸੂਚਨਾ ਮੁਤਾਬਕ ਨੇੜਲੇ ਪਿੰਡ ਜਗਤਪੁਰਾ ’ਚ ਕੱਲ੍ਹ ਰਾਤ ਸਰਦੀ ਤੋਂ ਬਚਣ ਲਈ ਘਰ ਦੇ ਕਮਰੇ ’ਚ ਕੋਲੇ ਦੀ ਅੰਗੀਠੀ ਬਾਲੀ ਗਈ ਸੀ, ਜਿਸ ਤੋਂ ਬਾਅਦ ਇੰਦਰਜੀਤ ਅਤੇ ਉਸ ਦਾ ਬੇਟਾ ਸਾਹਿਲ (19) ਦੋਵੇਂ ਸੌਂ ਗਏ। ਸਵੇਰੇ ਗੁਆਂਢੀ ਨੇ ਜਦੋਂ ਘਰ ’ਚੋਂ ਕੋਈ ਹਰਕਤ ਨਾ ਦੇਖੀ ਤਾਂ ਘਰ ਦੇ ਕਮਰੇ ’ਚ ਜਾ ਕੇ ਦੇਖਿਆ ਤਾਂ ਇੰਦਰਜੀਤ ਅਤੇ ਉਸ ਦਾ ਬੇਟਾ ਸਾਹਿਲ ਦੋਵੇਂ ਬੇਹੋਸ਼ ਪਏ ਸਨ ਅਤੇ ਕਮਰੇ ’ਚ ਕੋਲੇ ਦੇ ਧੂੰਏਂ ਦੀ ਗੈਸ ਜਮ੍ਹਾ ਸੀ। ਦੋਵੇਂ ਪਿਤਾ-ਪੁੱਤਰ ਨੂੰ



ਤੁਰੰਤ ਸਥਾਨਕ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸਾਹਿਲ ਨੂੰ ਮ੍ਰਿਤਕ ਕਰਾਰ ਦਿੱਤਾ, ਜਦੋਂ ਕਿ ਉਸ ਦੇ ਪਿਤਾ ਇੰਦਰਜੀਤ, ਜਿਸ ਦੇ ਸਾਹ ਚੱਲ ਰਹੇ ਸਨ, ਨੂੰ ਵੈਂਟੀਲੇਟਰ ਦੀ ਸਪੋਰਟ ਦਿੱਤੀ ਗਈ ਹੈ। ਇਹ ਪਤਾ ਲੱਗਾ ਹੈ ਕਿ ਇਹ ਦੋਵੇਂ ਪਿਉ-ਪੁੱਤ ਘਰ ’ਚ ਇਕੱਲੇ ਰਹਿ ਰਹੇ ਸਨ। ਇੰਦਰਜੀਤ ਦੀ ਪਤਨੀ ਕੰਮ ਦੇ ਸਬੰਧ ’ਚ ਵਿਦੇਸ਼ ਗਈ ਹੋਈ ਹੈ, ਜਿਸ ਨੂੰ ਫ਼ੋਨ ’ਤੇ ਸੂਚਿਤ ਕਰ ਦਿੱਤਾ ਹੈ।



# ਉੱਤਰ ਪ੍ਰਦੇਸ਼ ਵਿੱਚ ਆਮ ਆਦਮੀ ਪਾਰਟੀ ਦਾ ਵਿਧਾਇਕ ਸੋਮਨਾਥ ਭਾਰਤੀ ਗ੍ਰਿਫਤਾਰ

## * ਵਿਧਾਇਕ ’ਤੇ ਕਾਲੀ ਸਿਆਹੀ ਵੀ ਸੁੱਟੀ ਗਈ



ਅਮੇਠੀ/ਰਾਏ ਬਰੇਲੀ, 12 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮ ਨਾਥ ਭਾਰਤੀ ਉੱਤੇ ਕੱਲ੍ਹ ਰਾਏ ਬਰੇਲੀ ’ਚ ਪਹਿਲਾਂ ਸਿਆਹੀ ਸੁੱਟੀ ਗਈ ਅਤੇ ਫਿਰ ਉੱਤਰ ਪ੍ਰਦੇਸ਼ ਪੁਲਸ ਨੇ ਵਿਧਾਇਕ ਨੂੰ ਗ੍ਰਿਫਤਾਰ ਕਰ ਲਿਆ। ਸੋਮਨਾਥ ਭਾਰਤੀ ਨੂੰ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਤੇ ਰਾਜ ਤੇ ਸਰਕਾਰੀ ਹਸਪਤਾਲਾਂ ਖਿਲਾਫ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਮੁਤਾਬਕ ਵਿਧਾਇਕ ਦੀਆਂ ਟਿੱਪਣੀਆਂ ਦੋ ਧਿਰਾਂ ਵਿਚਾਲੇ ਨਫਰਤ ਪੈਦਾ ਕਰਨ ਵਾਲੀਆਂ ਤੇ ਅਪਰਾਧਕ ਧਮਕੀ ਵਾਲੀਆਂ ਹਨ।

ਇਸ ਗ੍ਰਿਫਤਾਰੀ ਤੋਂ ਕੁਝ ਮਿੰਟ ਪਹਿਲਾਂ ਇੱਕ ਨੌਜਵਾਨ ਨੇ ਵਿਧਾਇਕ ’ਤੇ ਸਿਆਹੀ ਸੁੱਟੀ। ਰਾਏ ਬਰੇਲੀ ਦੇ ਐਸ ਪੀ ਸ਼ਲੋਕ ਕੁਮਾਰ ਨੇ ਦੱਸਿਆ ਕਿ ਸਿਆਹੀ ਸੁੱਟਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇੱਕ ਵੀਡੀਓ ਕਲਿੱਪ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮਨਾਥ ਭਾਰਤੀ ਹਿੰਦੀ ਵਿੱਚ ਕਹਿ ਰਹੇ ਹਨ ਕਿ ‘ਹਸਪਾਤਲਾਂ ਵਿੱਚ ਬੱਚੇ ਪੈਦਾ ਹੋ ਰਹੇ ਹਨ, ਪਰ ਉਹ ਕੁੱਤਿਆਂ ਦੇ ਹਨ।’ ਪੁਲਸ ਮੁਤਾਬਕ ਭਾਰਤੀ ਨੇ ਇੱਕ ਵੀਡੀਓ ਰੀ-ਟਵੀਟ ਕੀਤਾ ਹੈ ਜਿਸ ਵਿੱਚ ਉਹ ਯੂ ਪੀ ਵਿੱਚ ਔਰਤਾਂ ’ਤੇ ਅਤਿਆਚਾਰਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਲਈ ਭੱਦੀ ਸ਼ਬਦਾਵਲੀ ਵਰਤ ਰਹੇ ਹਨ। ਪੁਲਸ ਮੁਤਾਬਕ ਦਿੱਲੀ ਦੇ ਸਾਬਕਾ ਮੰਤਰੀ ਨੂੰ ਭਾਜਪਾ ਵਰਕਰ ਦੀ ਸ਼ਿਕਾਇਤ ’ਤੇ ਗ੍ਰਿਫਤਾਰ ਕੀਤਾ ਗਿਆ ਹੈ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਸੂਚਨਾ ਸਲਾਹਕਾਰ ਸ਼ਲਬ ਮਨੀ ਤ੍ਰਿਪਾਠੀ ਨੇ ਕਿਹਾ ਕਿ ਲੋਕਤੰਤਰ ਵਿੱਚ ਹਰੇਕ ਨੂੰ ਚੋਣਾਂ ਲੜਨ, ਸਿਆਸਤ ਕਰਨ ਤੇ ਦੋਸ਼ ਲਾਉਣ ਦਾ ਹੱਕ ਹੈ, ਪਰ ਮੁੱਖ ਮੰਤਰੀ ਖਿਲਾਫ ਭੱਦੀ ਸ਼ਬਦਾਵਲੀ ਵਰਤਣਾ ਠੀਕ ਨਹੀਂ। ਇਸ ਤੋਂ ਇਲਾਵਾ ਉਨ੍ਹਾਂ ਦੋਸ਼ ਲਾਇਆ ਕਿ ਭਾਰਤੀ ਨੇ ਇੱਕ ਪੁਲਸ ਕਰਮਚਾਰੀ ਦਾ ਵੀ ਨਿਰਾਦਰ ਕੀਤਾ। ਤ੍ਰਿਪਾਠੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਖੁਦ ਮੁੱਖ ਮੰਤਰੀ ਹਨ, ਜੇ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਖਿਆਲ ਹੈ ਤਾਂ ਉਨ੍ਹਾਂ ਨੂੰ ਸੋਮਨਾਥ ਭਾਰਤੀ ਦੇ ਬਿਆਨ ਲਈ ਪੂਰੇਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਭਾਰਤੀ ਖਿਲਾਫ ਆਈ ਪੀ ਸੀ ਦੀਆਂ ਧਾਰਾਵਾਂ 507 ਤੇ 153 ਏ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਕਰਨਾਲ ਮਾਮਲੇ ਵਿਚ ਭੰਨ-ਤੋੜ ਕਰਨ ਦੇ ਦੋਸ਼ ਹੇਠ ਕਿਸਾਨ ਆਗੂ ਚੜੂੰਨੀ ਸਣੇ 900 ਲੋਕਾਂ ਦੇ ਖਿਲਾਫ ਕੇਸ



ਕਰਨਾਲ, 12 ਜਨਵਰੀ (ਪੋਸਟ ਬਿਊਰੋ)- ਕਰਨਾਲ ਜ਼ਿਲ੍ਹੇ ਦੇ ਪਿੰਡ ਕੈਮਲਾ ਵਿੱਚ ਭਾਜਪਾ ਦੀ ‘ਕਿਸਾਨ ਮਹਾਪੰਚਾਇਤ’ ਦੌਰਾਨ ਭੰਨ-ਤੋੜ ਕਰਨ ਦੇ ਦੋਸ਼ ਵਿੱਚ ਪੁਲਸ ਨੇ ਭਾਰਤੀ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਗੁਰਨਾਮ ਸਿੰਘ ਚੜੂੰਨੀ ਸਣੇ 71 ਲੋਕਾਂ ਨੂੰ ਮਾਮਲੇ ਵਿੱਚ ਨਾਮਜ਼ਦ ਕਰਦਿਆਂ ਕੱਲ੍ਹ 900 ਵਿਅਕਤੀਆਂ ਖਿਲਾਫ ਕੇਸ ਦਰਜ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਅਧਿਕਾਰੀ ਉਸ ਹੰਗਾਮੇ ਦੇ ਵੀਡੀਓਜ਼ ਫੋਲ ਰਹੇ ਹਨ, ਜਿਸ ਮਗਰੋਂ ਮੁਲਜ਼ਮਾਂ ਦੀ ਗਿਣਤੀ ਵਧ ਸਕਦੀ ਹੈ। ਪਰਸੋਂ ਭਾਜਪਾ ਵੱਲੋਂ ਕਰਨਾਲ ਜ਼ਿਲ੍ਹੇ ਦੇ ਪਿੰਡ ਕੈਮਲਾ ਵਿੱਚ ਕਿਸਾਨ ਮਹਾਪੰਚਾਇਤ ਕਰਵਾਈ ਜਾ ਰਹੀ ਸੀ, ਜਿਸ ਵਿੱਚ ਸੂਬੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵੀ ਪੁੱਜਣਾ ਸੀ, ਪਰ ਇਹ ਦੌਰਾ ਉਦੋਂ ਰੱਦ ਹੋ ਗਿਆ, ਜਦੋਂ ਕਿਸਾਨ ਸੰਗਠਨਾਂ ਨਾਲ ਜੁੜੇ ਹਜ਼ਾਰਾਂ ਵਿਅਕਤੀਆਂ ਨੇ ਸਮਾਗਮ ਵਾਲੇ ਸਥਾਨ ’ਤੇ ਆ ਕੇ ਹੰਗਾਮਾ ਕਰ ਦਿੱਤਾ। ਕਿਸਾਨਾਂ ਨੂੰ ਰੋਕਣ ਲਈ ਪੁਲਸ ਪ੍ਰਸ਼ਾਸਨ ਨੇ ਸਖਤ ਇੰਤਜ਼ਾਮ ਕੀਤੇ ਹੋਏ ਸਨ ਤੇ ਇਸ ਦੌਰਾਨ ਪੱਥਰਬਾਜ਼ੀ ਹੋਈ ਤੇ ਪੁਲਸ ਨੇ ਅੱਥਰੂ ਗੈਸ ਦੇ ਗੋਲਿਆਂ ਤੇ ਪਾਣੀ ਦੀਆਂ ਤੇਜ਼ ਬੁਛਾੜਾਂ ਦਾ ਵੀ ਇਸਤੇਮਾਲ ਕੀਤਾ, ਪਰ ਕਿਸਾਨ ਖੇਤਾਂ ਦੇ ਰਸਤੇ ਸਮਾਗਮ ਵਾਲੀ ਥਾਂ ’ਤੇ ਪੁੱਜ ਹੀ ਗਏ। ਉਨ੍ਹਾਂ ਨੇ ਪਹਿਲਾਂ ਹੈਲੀਪੈਡ ਨੂੰ ਕਹੀਆਂ ਨਾਲ ਪੁੱਟ ਦਿੱਤਾ ਅਤੇ ਮਗਰੋਂ ਰੈਲੀ ਵਾਲੀ ਥਾਂ ’ਤੇ ਜਾ ਕੇ ਟੈਂਟ ਉਖਾੜ ਦਿੱਤਾ।ਕੱਲ੍ਹ ਇਸ ਮਾਮਲੇ ਵਿੱਚ ਪੁਲਸ ਨੇ 900 ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੇ ਭੀੜ ’ਤੇ ਸਰਕਾਰੀ ਕੰਮ ਵਿੱਚ ਵਿਘਨ ਪਾਉਣ ਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਕਾਰਵਾਈ ਕੀਤੀ ਹੈ। ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ’ਤੇ ਭੜਕਾਊ ਵੀਡੀਓ ਵਾਇਰਲ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਕੱਲ੍ਹ ਸ਼ਾਮ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਇਸ ਘਟਨਾ ਲਈ ਕਾਂਗਰਸ ਤੇ ਕਿਸਾਨ ਨੇਤਾ ਗੁਰਨਾਮ ਸਿੰਘ ਚੜੂੰਨੀ ਨੂੰ ਜ਼ਿੰਮੇਵਾਰ ਦੱਸਿਆ ਸੀ।

# ਮੁੰਬਈ ਦੇ ਮਸ਼ਹੂਰ ਮੁੱਛੜ ਪਾਨਵਾਲਾ ਨੂੰ ਪੁੱਛਗਿੱਛ ਲਈ ਨਾਰਕੋਟਿਕਸ ਬਿਊਰੋ ਨੇ ਬੁਲਾਇਆ



ਮੁੰਬਈ, 12 ਜਨਵਰੀ (ਪੋਸਟ ਬਿਊਰੋ)- ਡਰੱਗਸ ਤਸਕਰੀ ਕੇਸ ਵਿੱਚ ਜਾਰੀ ਨਾਰਕੋਟਿਕਸ ਕੰਟਰੋਲ ਬਿਊਰੋ (ਐਨ ਸੀ ਬੀ) ਦੀ ਜਾਂਚ ਵਿੱਚ ਨਵੇਂ ਨਾਂਅ ਜੁੜਦੇ ਜਾ ਰਹੇ ਹਨ। ਇਸ ਕੇਸ ਵਿੱਚ ਮੁੰਬਈ ਦੇ ਮਸ਼ਹੂਰ ‘ਮੁੱਛੜ ਪਾਨ-ਵਾਲਾ’ ਦਾ ਨਾਂਅ ਵੀ ਜੁੜ ਗਿਆ ਹੈ। ਐਨ ਸੀ ਬੀ ਨੇ ਇਸ ਬਾਰੇ ਮੁੱਛੜ ਪਾਨਵਾਲੇ ਦੇ ਮਾਲਕ ਜੈਸ਼ੰਕਰ ਤਿਵਾੜੀ ਨੂੰ ਪੁੱਛਗਿੱਛ ਦੇ ਲਈ ਬੁਲਾਇਆ ਹੈ। ਦੋਸ਼ ਹੈ ਕਿ ਪਾਨ ਦੇ ਓਹਲੇ ਵਿੱਚ ਡਰੱਗਸ ਦੀ ਸਪਲਾਈ ਕੀਤੀ ਜਾਂਦੀ ਹੈ। ਬਿਊਰੋ ਨੇ ਸ਼ਨੀਵਾਰ ਨੂੰ ਬ੍ਰਿਟਿਸ਼ ਨਾਗਰਿਕ ਕਰਣ ਸਜਨਾਨੀ ਤੋਂ 200 ਕਿਲੋ ਮਾਰਜੁਆਨਾ ਜ਼ਬਤ ਕੀਤਾ ਸੀ। ਇਹ ਡਰੱਗਸ ਗਾਂਜੇ ਦੇ ਨਾਲ ਮਿਲੀ ਹੋਈ ਸੀ। ਏਜੰਸੀ ਦਾ ਕਹਿਣਾ ਹੈ ਕਿ ਇਸੇ ਫਾਰਮ ਵਿੱਚ ਡਰੱਗਸ ਵੱਡੇ ਲੋਕਾਂ ਨੂੰ ਸਪਲਾਈ ਕੀਤੀ ਜਾਂਦੀ ਸੀ। ਇਸ ਕੇਸ ਵਿੱਚ ਹੋਰ ਦੋ ਔਰਤਾਂ ਨੂੰ ਬਾਂਦ੍ਰਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਵਿੱਚ ਅਭਿਨੇਤਰੀ ਦੀਆ ਮਿਰਜ਼ਾ ਦੀ ਸਾਬਕਾ ਮੈਨੇਜਰ ਰਾਹਿਲਾ ਫਰਨੀਚਰਵਾਲਾ ਵੀ ਸ਼ਾਮਲ ਹੈ। ਸੂਤਰਾਂ ਮੁਤਾਬਕ ਇਨ੍ਹਾਂ ਤੋਂ ਪੁੱਛਗਿੱਛ ਦੌਰਾਨ ਵੀ ਤਿਵਾੜੀ ਦਾ ਨਾਂਅ ਆਇਆ ਸੀ। ਦੋਸ਼ ਹੈ ਕਿ ਇਥੇ ਪਾਨ ਵਿੱਚ ਡਰੱਗਸ ਮਿਲਾ ਕੇ ਦਿੱਤੀ ਜਾਂਦੀ ਹੈ ਅਤੇ ਇਥੋਂ ਵੱਡੇ ਲੋਕਾਂ ਨੂੰ ਡਰੱਗਸ ਦੀ ਸਪਲਾਈ ਕੀਤੀ ਜਾਂਦੀ ਸੀ। ਪਹਿਲਾ ਵੀ ਕਈ ਵਾਰ ਪਾਨ ਵਿੱਚ ਡਰੱਗਸ ਮਿਲਾ ਕੇ ਵੇਚਣ ਦਾ ਦੋਸ਼ ਇਸ ਦੁਕਾਨ ’ਤੇ ਲੱਗਾ ਹੈ। ਏਜੰਸੀ ਮੁਤਾਬਕ ਸਜਨਾਨੀ ਦਾ ਨਾਂਅ ਸੁਸ਼ਾਂਤ ਸਿੰਘ ਰਾਜਪੂਤ ਕੇਸ ਨਾਲ ਵੀ ਜੁੜਿਆ ਹੈ। ਇਸ ਕੇਸ ਵਿੱਚ ਗ੍ਰਿਫਤਾਰ ਡਰੱਗ ਪੈਡਲਰ ਅਨੁਜ ਕੇਸਵਾਨੀ ਨੂੰ ਡਰੱਗ ਸਪਲਾਈ ਸਜਨਾਨੀ ਕਰਦਾ ਸੀ।

ਇਸ ਦੌਰਾਨ ਅਭਿਨੇਤਾ ਅਰਜੁਨ ਰਾਮਪਾਲ ਦੀ ਭੈਣ ਕੋਮਲ ਕੱਲ੍ਹ ਐਨ ਸੀ ਬੀ ਦੇ ਸਾਹਮਣੇ ਪੁੱਛਗਿੱਛ ਲਈ ਪੇਸ਼ ਹੋਈ। ਉਸ ਨੂੰ ਇਸ ਤੋਂ ਪਹਿਲਾਂ ਦੋ ਵਾਰ ਸੰਮਨ ਭੇਜਿਆ ਗਿਆ ਸੀ, ਪਰ ਨਿੱਜੀ ਕਾਰਨ ਦੱਸ ਕੇ ਪੇਸ਼ ਨਹੀਂ ਹੋਈ ਸੀ। ਬੀਤੇ ਨਵੰਬਰ ਵਿੱਚ ਅਰਜੁਨ ਰਾਮਪਾਲ ਦੇ ਘਰ ਛਾਪੇ ਵਿੱਚ ਪਾਬੰਦੀਸ਼ੁਦਾ ਦਵਾਈਆਂ ਮਿਲੀਆਂ ਸਨ। ਏਜੰਸੀ ਮੁਤਾਬਕ ਰਾਮਪਾਲ ਨੇ ਗੈਰ ਕਾਨੂੰਨੀ ਤਰੀਕੇ ਨਾਲ ਉਸ ਦਵਾਈ ਲਈ ਜਿਸ ਪਰਚੀ (ਪ੍ਰਿਸਕ੍ਰਿਪਸ਼ਨ) ਦੀ ਵਰਤੋਂ ਕੀਤੀ ਸੀ ਉਸ ਦੀ ਤਰੀਕ ਖਤਮ ਹੋ ਚੁੱਕੀ ਸੀ। ਰਾਮਪਾਲ ਮੁਤਾਬਕ ਉਹ ਦਵਾਈਆਂ ਉਸ ਦੀ ਭੈਣ ਦੀਆਂ ਸਨ। 1994 ਦੀ ਮਿਸ ਇੰਡੀਆ ਫਾਈਨਲਿਸਟ ਅਤੇ ਸਾਬਕਾ ਏਅਰਹੋਸਟੈਲ ਕੋਮਲ ਦਾ ਆਪਣਾ ਬਿਜ਼ਨਸ ਹੈ।

# ਸਿੰਘੂ ਬਾਰਡਰ ’ਤੇ ਇੱਕ ਹੋਰ ਕਿਸਾਨ ਨੇ ਜ਼ਹਿਰ ਪੀਤਾ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਕਿਸਾਨ ਅੰਦੋਲਨ ’ਚ ਕੱਲ੍ਹ ਸਿੰਘੂ ਬਾਰਡਰ ’ਤੇ ਇੱਕ ਹੋਰ ਕਿਸਾਨ ਨੇ ਜ਼ਹਿਰ ਪੀ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਜ਼ਹਿਰ ਪੀਣ ਵਾਲੇ ਕਿਸਾਨ ਦਾ ਨਾਂਅ ਲਾਭ ਸਿੰਘ ਪੁੱਤਰ ਜਗੀਰ ਸਿੰਘ ਹੈ। 49 ਸਾਲਾ ਇਹ ਕਿਸਾਨ ਲੁਧਿਆਣੇ ਨਾਲ ਸਬੰਧ ਰੱਖਦਾ ਹੈ।

ਵਰਨਣ ਯੋਗ ਹੈ ਕਿ ਕਿਸਾਨ ਧਰਨੇ ਦੌਰਾਨ ਅੱਜਤੱਕ 70 ਤੋਂ ਵੱਧ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਕਈਆਂ ਨੇ ਖ਼ੁਦਕੁਸ਼ੀ ਕੀਤੀ ਹੈ। ਕੱਲ੍ਹ ਨਾ ਸਿਰਫ਼ ਕਿਸਾਨ ਆਗੂਆਂ ਨੇ ਅਜਿਹੇ ਕਦਮ ਨਾ ਚੁੱਕਣ ਲਈ ਵੱਖ-ਵੱਖ ਸੋਸ਼ਲ ਮੀਡੀਆ ’ਤੇ ਅਪੀਲ ਕੀਤੀ, ਸਗੋਂ ਟਵਿੱਟਰ ’ਤੇ ਇੱਕ ਹੈਸ਼ਟੈਗ ਸ਼ੁਰੂ ਕਰਦਿਆਂ ਪ੍ਰਦਰਸ਼ਨਕਾਰੀਆਂ ਨੂੰ ਅਜਿਹੇ ਜਾਨਲੇਵਾ ਕਦਮ ਨਾ ਉਠਾਉਣ ਦੀ ਅਪੀਲ ਕੀਤੀ ਹੈ। ਕਿਸਾਨ ਏਕਤਾ ਮੋਰਚਾ ਦੇ ਆਈ ਟੀ ਸੈਲ ਦੇ ਪ੍ਰਧਾਨ ਬਲਜੀਤ ਸਿੰਘ ਨੇ ਕਿਹਾ ਕਿ ਕਿਸਾਨਾਂ ਵੱਲੋਂ ਵਾਰ-ਵਾਰ ਅਜਿਹੇ ਕਦਮ ਚੁੱਕੇ ਜਾਣ ਲਈ ਇਸ ਮੁੱਦੇ ਨੂੰ ਸੋਸ਼ਲ ਮੀਡੀਆ ਰਾਹੀਂ ਲੋਕਾਂ ’ਚ ਲੈ ਜਾਣ ਦੀ ਕਵਾਇਦਸ਼ੁਰੂ ਕੀਤੀ ਗਈ ਹੈ, ਜਿਸ ਦੇ ਤਹਿਤ ਟਵਿੱਟਰ ’ਤੇ ‘ਮੌਤ ਨਹੀਂ, ਜਿੱਤ ਚੁਣੋ’ ਦਾ ਹੈਸ਼ਟੈਗ ਸ਼ੁਰੂ ਕੀਤਾ ਗਿਆ ਹੈ। ਕਿਸਾਨ ਆਗੂ ਜਗਜੀਤ ਸਿੰਘ ਢਲੇਵਾਲ ਨੇ ਹਾਦਸੇ ਦੇ ਫੌਰਨ ਬਾਅਦ ਫੇਸਬੁੱਕ ਰਾਹੀਂ ਲਾਈਵ ਹੁੰਦਿਆਂ ਪ੍ਰਦਰਸ਼ਨਕਾਰੀਆਂ ਨੂੰ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਇੱਕ ਇਤਿਹਾਸਕ ਜਿੱਤ ਦੇ ਨਜ਼ਦੀਕ ਹਨ ਪਰ ਇੱਕ ਸਾਥੀ ਵੀ ਜਦ ਜਾਂਦਾ ਹੈ ਤਾਂ ਸਾਡੀ ਸੋਚ ਖੜ੍ਹ ਜਾਂਦੀ ਹੈ।ਡੱਲੇਵਾਲ ਨੇ ਅਜਿਹੇ ਜਾਨਲੇਵਾ ਕਦਮ ਨਾ ਚੁੱਕਣ ਦੀ ਅਪੀਲ ਕਰਦਿਆਂ ਕਿਹਾ ਕਿ ਬੇਰਹਿਮ ਸਰਕਾਰ ਉਤੇ ਇਨ੍ਹਾਂ ਕਦਮਾਂ ਦਾ ਫ਼ਰਕ ਨਹੀਂ ਪੈਣਾ ਪਰ ਸਾਡਾ ਮੰਨਣਾ ਹੈ ਕਿ ਜਿੰਨਿਆਂ ਨੂੰ ਲੈ ਕੇ ਆਏ ਹਾਂ ਬਿਨਾਂ ਝਰੀਟ ਲਵਾਏ ਉਨ੍ਹਾਂ ਨੂੰ ਉਨ੍ਹਾਂ ਦੇ ਪਰਵਾਰਾਂ ਦੇ ਸਪੁਰਦ ਕਰਨਾ ਹੈ। ਡੱਲੇਵਾਲ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤਮਈ ਢੰਗ ਨਾਲ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸੇ ਇੱਕ ਦਾ ਜਾਣਾ ਹੀ ਪਿੰਡ ’ਚ ਸ਼ੋਕ ਦੀ ਲਹਿਰ ਲਿਆ ਦਿੰਦਾ ਹਾਂ ਅਤੇ ਇੱਥੇ 70 ਤੋਂ ਵੱਧ ਜ਼ਿੰਦਗੀਆਂ ਜਾ ਚੁੱਕੀਆਂ ਹਨ।

# ਕਰਨਾਟਕ ’ਚ ਲੀਥੀਅਮ ਦਾ ਭੰਡਾਰ ਮਿਲਿਆ

ਬੈਂਗਲੁਰੂ, 12 ਜਨਵਰੀ (ਪੋਸਟ ਬਿਊਰੋ)- ਭਾਰਤ ਅੱਗੇ ਤੋਂ ਲੀਥੀਅਮ ਦੇ ਸਬੰਧ ਵਿੱਚ ਚੀਨ ’ਤੇ ਆਪਣੀ ਨਿਰਭਰਤਾ ਪੂਰੀ ਤਰ੍ਹਾਂ ਨਾਲ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ’ਚ ਹੈ। ਇਸੇ ਲੜੀ ਤਹਿਤ ਉਸ ਨੇ ਅਰਜਨਟੀਨਾ ਦੀ ਇੱਕ ਕੰਪਨੀ ਨਾਲ ਕਰਾਰ ਵੀ ਕੀਤਾ ਹੈ। ਅਜੇ ਤੱਕ ਚੀਨ ਤੋਂ ਭਾਰੀ ਮਾਤਰਾ ’ਚ ਇਹ ਲੀਥੀਅਮ ਦਰਾਮਦ ਕੀਤਾ ਜਾ ਰਿਹਾ ਸੀ। ਇਸ ਦੌਰਾਨ ਭਾਰਤ ਨੂੰ ਕਰਨਾਟਕ ’ਚ ਲੀਥੀਅਮ ਦਾ ਭੰਡਾਰ ਮਿਲ ਗਿਆ ਹੈ।

ਇਲੈਕਟ੍ਰਿਕ ਵਾਹਨਾਂ ਦੀ ਬੈਟਰੀ ’ਚ ਵਰਤਣ ਵਾਲੇ ਲੀਥੀਅਮ ਦਾ ਭੰਡਾਰ ਬੈਂਗਲੁਰੂ ਤੋਂ 100 ਕਿੱਲੋਮੀਟਰ ਦੂਰ ਮਾਂਜਿਆ ’ਚ ਮਿਲਿਆ ਹੈ। ਇਸ ਨਾਲ ਦੇਸ਼ ਵਿੱਚ ਈ-ਵਹੀਕਲ ਦੀ ਵਰਤੋਂ ਵਧਣ ’ਚ ਵੱਡੀ ਮਦਦ ਮਿਲ ਸਕਦੀ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਇਹ ਭੰਡਾਰ 1600 ਟਨ ਦਾ ਹੋ ਸਕਦਾ ਹੈ।

ਇੰਡੀਅਨ ਐਕਸਪ੍ਰੈਸ ਦੀ ਖ਼ਬਰ ਮੁਤਾਬਕ ਐਟਮੀ ਖਣਿਜ ਬਾਰੇ ਡਾਇਰੈਕਟਰ ਨੇ ਕਿਹਾ ਕਿ ਦੂਜੇ ਦੇਸ਼ਾਂ ਵਿੱਚ ਮੌਜੂਦ ਲੀਥੀਅਮ ਦੇ ਭੰਡਾਰ ਦੇ ਮੁਕਾਬਲੇ ਭਾਰਤ ’ਚ ਮਿਲਿਆ ਭੰਡਾਰ ਘੱਟ ਹੈ। ਜੇਕਰ ਅਸੀਂ ਚਿੱਲੀ ਵਿੱਚ 86 ਲੱਖ ਟਨ, ਆਸਟ੍ਰੇਲੀਆ ’ਚ 28 ਲੱਖ ਟਨ, ਅਰਜਨਟੀਨਾ ’ਚ 17 ਲੱਖ ਟਨ, ਪੁਰਤਗਾਲ ’ਚ 60 ਹਜ਼ਾਰ ਟਨ ਦੇ ਭੰਡਾਰ ਨਾਲ ਤੁਲਨਾ ਕਰੀਏ ਤਾਂ 14,100 ਟਨ ਜ਼ਿਆਦਾ ਨਹੀਂ। ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ’ਚ ਅਮੀਰਾਤ ਦੇ ਪ੍ਰੋਫੈਸਰ ਅਤੇ ਬੈਟਰੀ ਤਕਨਾਲੋਜੀ ਦੇ ਮਾਹਿਰ ਐਨ ਮੁਨੀਚੰਦਰਈਆ ਨੇ ਦੱਸਿਆ ਕਿ ਅਜੇ ਤੱਕ ਪ੍ਰਾਪਤ ਜਾਣਕਾਰੀ ਮੁਤਾਬਕ ਮਾਂਡਿਯਾ ’ਚ ਅੱਧੇ ਤੋਂ ਪੰਜ ਕਿੱਲੋਮੀਟਰ ਤੱਕ ਦੇ ਦਾਇਰੇ ’ਚ ਕਰੀਬ 30,300 ਟਨ ਐਲ ਆਈ .20 ਉਪਲਬਧ ਹੋਣ ਦਾ ਅਨੁਮਾਨ ਹੈ, ਜੋ ਲੀਥੀਅਮ ਮੈਟਲ ਦੇ ਕਰੀਬ 14,100 ਟਨ ਦੇ ਬਰਾਬਰ ਹੈ।

# ਬ੍ਰਿਟੇਨ ਲਈ ਭਾਰਤ ਕਾਰੋਬਾਰੀ ਸਹਿਯੋਗੀ ਹੀ ਨਹੀਂ, ਮੁਕਾਬਲੇਬਾਜ਼ ਵੀ ਹਨ



ਲੰਡਨ, 12 ਜਨਵਰੀ (ਪੋਸਟ ਬਿਊਰੋ)- ਬ੍ਰੈਗਜ਼ਿਟ (ਬ੍ਰਿਟੇਨ ਐਗਜ਼ਿਟ ਯੂਰਪੀ ਯੂਨੀਅਨ) ਦੇ ਬਾਅਦ ਦੇ ਹਾਲਾਤ ਵਿੱਚ ਭਾਰਤ ਬ੍ਰਿਟੇਨ ਦਾ ਕਾਰੋਬਾਰੀ ਸਹਿਯੋਗੀ ਹੀ ਨਹੀਂ, ਬਲਕਿ ਮਜ਼ਬੂਤ ਮੁਕਾਬਲੇਬਾਜ਼ ਵੀ ਹਨ।

ਇਹ ਗੱਲ ਬ੍ਰਿਟੇਨ ਦੀ ਅੰਤਰਰਾਸ਼ਟਰੀ ਭੂਮਿਕਾ ਦੇ ਭਵਿੱਖ ’ਤੇ ਆਈ ਇੱਕ ਰਿਪੋਰਟ ਵਿੱਚ ਕਹੀ ਗਈ ਹੈ। ਇਹ ਰਿਪੋਰਟ ਯੂਰਪੀ ਯੂਨੀਅਨ ਤੋਂ ਅਲੱਗ ਹੋਏ ਬ੍ਰਿਟੇਨ ਬਾਰੇ ਹੈ।‘ਗਲੋਬਲ ਬ੍ਰਿਟੇਨ, ਗਲੋਬਲ ਬ੍ਰੋਕਰ-ਏ ਬਲੂਪ੍ਰਿੰਟ ਫਾਰ ਯੂਕੇਜ ਫਿਊਚਰ ਇੰਟਰਨੈਸ਼ਨਲ ਰੋਲ’ ਸਿਰਲੇਖ ਨਾਲ ਆਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬ੍ਰਿਟੇਨ ਆਪਣੀ ਊਰਜਾ ਅਤੇ ਨਿਵੇਸ਼ ਨਰਮਪੰਥੀ ਲੋਕਤੰਤਰਿਕ ਦੇਸ਼ਾਂ ਵਿੱਚ ਲਾਏ। ਇਨ੍ਹਾਂ ਵਿੱਚ ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ ਅਤੇ ਅਮਰੀਕਾ ਵੀ ਸ਼ਾਮਲਹੈ। ਨਰਮਪੰਥੀ ਲੋਕਤੰਤਰੀ ਦੇਸ਼ਾਂ ਦੀ ਸੂਚੀ ਵਿੱਚ ਭਾਰਤ ਵੀ ਆਉਂਦਾ ਹੈ। ਇਸ ਦੇ ਇਲਾਵਾ ਆਸਟਰੇਲੀਆ, ਜਾਪਾਨ ਅਤੇ ਦੱਖਣੀ ਕੋਰੀਆ ਨਾਲ ਕਾਰੋਬਾਰ ਵਧਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਦੇਸ਼ਾਂ ਨਾਲ ਸਬੰਧ ਵਧਾਉਣ ਦੀ ਵਕਾਲਤ ਕੀਤੀ ਗਈ ਹੈ, ਜੋ ਮਜ਼ਬੂਤ ਅਤੇ ਹਮਲਾਵਰੀ ਚੀਨ ਨਾਲ ਮੁਕਾਬਲਾ ਕਰ ਰਹੇ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਵਿੱਖ ਵਿੱਚ ਬ੍ਰਿਟੇਨ ਨੂੰ ਚੀਨ, ਭਾਰਤ, ਸਾਊਦੀ ਅਰਬ ਅਤੇ ਤੁਰਕੀ ਤੋਂ ਚੁਣੌਤੀ ਵੀ ਝੱਲਣੀ ਪੈ ਸਕਦੀ ਹੈ। ਕਈ ਮਕਸਦਾਂ ਦੀ ਪ੍ਰਾਪਤੀ ਵਿੱਚ ਇਹ ਦੇਸ਼ ਬ੍ਰਿਟੇਨ ਦੇ ਲਈ ਚੁਣੌਤੀ ਸਾਬਤ ਹੋਣਗੇ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਬ੍ਰਿਟੇਨ ਦੇ ਲਈ ਅਟੱਲ ਸੱਚਾਈ ਹੈ। ਜਲਦੀ ਹੀ ਉਹ ਦੁਨੀਆ ਦਾ ਸਭ ਤੋਂ ਜ਼ਿਆਦਾ ਆਬਾਦੀ ਵਾਲਾ ਦੇਸ਼ ਬਣ ਜਾਏਗਾ। ਉਹ ਚਾਲੂ ਦਹਾਕੇ ਵਿੱਚ ਹੀ ਦੁਨੀਆ ਦੀ ਤੀਸਰੇ ਨੰਬਰ ਦੀ ਅਰਥਵਿਵਸਥਾ ਅਤੇ ਰੱਖਿਆ ਬਜਟ ਵਾਲਾ ਦੇਸ਼ ਬਣ ਜਾਏਗਾ। ਭਾਰਤ ਵੱਡੀ ਗਿਣਤੀ ਵਿੱਚ ਅੰਗਰੇਜ਼ੀ ਬੋਲਣ ਅਤੇ ਸਮਝਣ ਵਾਲਿਆਂ ਦਾ ਦੇਸ਼ ਹੈ। ਦੋਵਾਂ ਦੇਸ਼ਾਂ ਦੇ ਮਜ਼ਬੂਤ ਇਤਿਹਾਸਕ ਰਿਸ਼ਤੇ ਵੀ ਰਹੇ ਹਨ।

# ਨੇਪਾਲ ਵਿੱਚ ਏਕੀਕਰਨ ਦਿਵਸ ਦੇ ਦੌਰਾਨ ਰਾਜਾ ਸਮਰਥਕਾਂ ਤੇ ਪੁਲਸ ਦਾ ਭੇੜ

ਕਾਠਮੰਡੂ, 12 ਜਨਵਰੀ (ਪੋਸਟ ਬਿਊਰੋ)- ਨੇਪਾਲ ਵਿੱਚ ਏਕੀਕਰਨ ਦਿਵਸ ਦੇ ਮੌਕੇ ਕਰਵਾਏ ਜਸ਼ਨ ਦੌਰਾਨ ਰਾਜੇ ਦੇ ਸਮਰਥਕਾਂ ਅਤੇ ਪੁਲਸ ਵਿਚਾਲੇ ਪ੍ਰਸ਼ਾਸਨਿਕ ਸੈਂਟਰ ਕੰਪਲੈਕਸ ਸਿੰਘਾ ਦਰਬਾਰ ਅੱਗੇ ਝੜਪ ਹੋ ਗਈ।

ਏਕੀਕ੍ਰਿਤ ਨੇਪਾਲ ਦੇ ਮੋਢੀ ਮਰਹੂਮ ਸਮਰਾਟ ਪ੍ਰਿਥਵੀ ਨਾਰ-ਾਇਣ ਸ਼ਾਹ ਦੇ ਜਨਮ ਦਿਨ ਨੂੰ ਨੇਪਾਲ ਲੋਕ ਰਾਸ਼ਟਰੀ ਏਕੀਕਰਣ ਦਿਵਸ ਵਜੋਂ ਮਨਾਉਂਦੇ ਹਨ। ਉਨ੍ਹਾਂ ਦੇ 299ਵੇਂ ਜਨਮ ਦਿਨ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਸਿੰਘਾ ਦਰਬਾਰ ਸਾਹਮਣੇ ਲੱਗੀ ਉਨ੍ਹਾਂ ਦੀ ਮੂਰਤੀ ਦੇ ਕੋਲ ਸ਼ਰਧਾਜਲੀ ਦੇਣ ਲਈ ਇਕੱਠੇ ਹੋਏ। ਦੋ ਧਿਰਾਂ ਦੇ ਸੰਭਾਵੀ ਟਕਰਾਅ ਨੂੰ ਰੋਕਣ ਲਈ ਸਾਰੇ ਦੇਸ਼ ਤੋਂ ਰਾਜਧਾਨੀ ਵਿੱਚ ਆਏ ਸਮਰਾਟ ਦੇ ਸਮਰਥਕਾਂ ਨੂੰ ਪੁਲਸ ਨੇ ਵੱਖ-ਵੱਖ ਥਾਂਵਾਂ ਉਤੇ ਰੋਕ ਲਿਆ। ਰਾਜੇ ਦੇ ਸਮਰਥਕ ਰਿਪੂ ਸੂਦਨ ਥਾਪਾ ਨੇ ਕਿਹਾ ਕਿ ਮਰਹੂਮ ਰਾਜਾ ਪ੍ਰਿਥਵੀ ਨਾਰਾਇਣ ਨੇ ਨੇਪਾਲ ਨੂੰ ਏਕੀਕ੍ਰਿਤ ਕੀਤਾ ਸੀ ਅਤੇ ਉਸ ਨੂੰ ਮੌਜੂਦਾ ਆਕਾਰ ’ਚ ਲੈ ਕੇ ਆਏ ਸਨ। ਮੈਂ ਇਥੇ ਉਨ੍ਹਾਂ ਦੇ ਜਨਮ ਦਿਨ ਦਾ ਜਸ਼ਨ ਮਨਾਉਣ ਅਤੇ ਉਨ੍ਹਾਂ ਦੇ ਕੰਮਾਂ ਦੀ ਪ੍ਰਸ਼ੰਸਾ ਕਰਨ ਆਇਆ ਹਾਂ। ਪ੍ਰਿਥਵੀ ਨਾਰਾਇਣ ਸ਼ਾਹ ਦੀ ਮੂਰਤੀ ਤੋਂ ਸਿਰਫ 300 ਮੀਟਰ ਦੂਰ ਹੋਈ ਝੜਪ ’ਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਜਿਸ ਨੂੰ ਪੁਲਸ ਦੇ ਵਾਹਨ ਨਾਲ ਹਸਪਤਾਲ ਪਹੁੰਚਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਸਮਰਾਟ ਦੇ ਸਮਰਥਕ ਨਾਅਰੇ ਲਾਉਂਦੇ ਹੋਏ ਉਨ੍ਹਾਂ ਦੀ ਮੂਰਤੀ ਵੱਲ ਵਧ ਰਹੇ ਸਨ।

# ਨੇਪਾਲ ਦਾ ਬਾਸਮਤੀ ’ਤੇ ਦਾਅਵਾ, ਭਾਰਤ ਦੀ ਅਰਜ਼ੀ ਨੂੰ ਚੁਣੌਤੀ



ਮਹਰਾਜਗੰਜ, 12 ਜਨਵਰੀ (ਪੋਸਟ ਬਿਊਰੋ)- ਅਯੁੱਧਿਆ ਅਤੇ ਭਗਵਾਨ ਰਾਮ ਨੂੰ ਆਪਣਾ ਦੱਸਣ ਵਾਲੇ ਨੇਪਾਲ ਨੇ ਬਾਸਮਤੀ ਚੌਲਾਂ ’ਤੇ ਵੀ ਦਾਅਵਾ ਪੇਸ਼ ਕਰ ਦਿੱਤਾ ਹੈ।

ਯੂਰਪੀ ਯੂਨੀਅਨ (ਈ ਯੂ) ਵਿੱਚ ਭੂਗੋਲਿਕ ਸੂਚਕਅੰਕ (ਜੀ ਆਈ) ਲਈ ਭਾਰਤ ਦੀ ਅਰਜ਼ੀ ਨੂੰ ਚੁਣੌਤੀ ਦਿੰਦੇ ਹੋਏ ਨੇਪਾਲ ਨੇ ਬਾਸਮਤੀ ਨੂੰ ਨੇਪਾਲ ਵਿੱਚ ਹੀ ਪੈਦਾ ਹੋਣਾ ਦੱਸਿਆ ਹੈ। ਈ ਯੂ ਨੇ ਫਰਵਰੀ ਦੇ ਪਹਿਲੇ ਹਫਤੇ ਵਿੱਚ ਸਬੂਤ ਪੇਸ਼ ਕਰਨ ਲਈ ਕਿਹਾ ਹੈ। ਨੇਪਾਲ ਖੇਤੀ ਖੋਜ ਪ੍ਰੀਸ਼ਦ ਨੇ ਸਬੂਤ ਇਕੱਠੇ ਕਰਨ ਲਈ ਨੈਸ਼ਨਲ ਜੀਨਸ ਬੈਂਕ ਦੇ ਸੀਨੀਅਰ ਵਿਗਿਆਨੀ ਬਾਲਕ੍ਰਿਸ਼ਨ ਜੋਸ਼ੀ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾ ਦਿਤੀ ਹੈ। ਇਹ ਕਮੇਟੀ ਵਿਗਿਆਨਕ ਆਧਾਰ ਦੇ ਨਾਲ ਹੀ ਧਾਰਮਿਕ ਪੁਸਤਕਾਂ ਵਿੱਚ ਲਿਖਤੀ ਸਬੂਤ ਇਕੱਠੇ ਕਰ ਰਹੀ ਹੈ। ਸੀਨੀਅਰ ਵਿਗਿਆਨੀ ਬਾਲਕ੍ਰਿਸ਼ਨ ਜੋਸ਼ੀ ਦਾ ਦਾਅਵਾ ਹੈ ਕਿ ਨੇਪਾਲ ਸਰਕਾਰ ਦੇ ਰਾਜ ਪੱਤਰ ਵਿੱਚ ਬਾਸਮਤੀ ਦੀਆਂ ਚਾਰ ਕਿਸਮਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਮਹਰਾਜਗੰਜ ਦੇ ਜ਼ਿਲ੍ਹਾ ਖੇਤੀ ਅਧਿਕਾਰੀ ਵਰਿੰਦਰ ਕੁਮਾਰ ਨੇ ਕਿਹਾ ਕਿ ਨੇਪਾਲ ਸਰਕਾਰ ਦਾ ਦਾਅਵਾ ਪੂਰੀ ਤਰ੍ਹਾਂ ਬੇਬੁਨਿਆਦ ਹੈ। ਮਹਰਾਜਗੰਜ ਸਮੇਤ ਪੂਰਬੀ ਉਤਰ ਪ੍ਰਦੇਸ਼ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਬਾਸਮਤੀ ਦੀ ਖੇਤੀ ਕਾਫੀ ਪਹਿਲਾਂ ਤੋਂ ਹੁੰਦੀ ਹੈ। ਨੇਪਾਲ ਖੇਤੀ ਖੋਜ ਪ੍ਰੀਸ਼ਦ ਦੇ ਕਾਰਜਕਾਰੀ ਡਾਇਰੈਕਟਰ ਡਾਕਟਰ ਦੀਪਕ ਭੰਡਾਰੀ ਨੇ ਕਿਹਾ ਕਿ ਬਾਸਮਤੀ ਬਾਰੇ ਨੇਪਾਲ ਦਾ ਦਾਅਵਾ ਪੱਕਾ ਕਰਨ ਲਈ ਨੈਸ਼ਨਲ ਜੀਨਸ ਬੈਂਕ ਦੇ ਵਿਗਿਆਨੀਆਂ ਦੀ ਟੀਮ ਸਬੂਤ ਇਕੱਠੇ ਕਰ ਰਹੀ ਹੈ। ਪਦਮਸ੍ਰੀ ਨਾਲ ਸਨਮਾਨਤ ਤੇ ਪੂਸਾ ਸੰਸਥਾ ਤੋਂ ਬਾਸਮਤੀ ਬਾਰੇ ਹੋਣ ਵਾਲੀ ਖੋਜ ਨਾਲ ਜੁੜੇ ਵਿਗਿਆਨੀ ਡਾਕਟਰ ਵੀ ਪੀ ਸਿੰਘ ਨੇ ਕਿਹਾ ਕਿ ਇਹ ਸੱਚ ਹੈ ਕਿ ਨੇਪਾਲ ਵਿੱਚ ਝੋਨੇ ਦੀਆਂ ਕੁਝ ਖ਼ੁਸ਼ਬੂਦਾਰ ਕਿਸਮਾਂ ਹਨ।

ਅੰਤਰਰਾਸ਼ਟਰੀ ਬਾਜ਼ਾਰ ਵਿੱਚ ਆਪਣੇ ਪ੍ਰਾਡਕਟ ਨੂੰ ਪੇਟੈਂਟ ਕਰਵਾਉਣ ਲਈ ਭੂਗੋਲਿਕ ਸੰਕੇਤਕ ਸਬੂਤ ਲਏ ਜਾਣ ਦਾ ਨਿਯਮ ਹੈ। ਇਸ ਲਈ ਨੇਪਾਲ ਨੇ ਯੂਰਪੀ ਯੂਨੀਅਨ ਵਿੱਚ ਦਾਅਵਾ ਕੀਤਾ ਹੈ। ਜੇ ਉਸ ਨੂੰ ਸਰਟੀਫਿਕੇਟ ਮਿਲਦਾ ਹੈ ਤਾਂ ਉਹ ਬਾਸਮਤੀ ਦੇ ਉਪਯੋਗ ਦਾ ਅਧਿਕਾਰੀ ਹੋ ਜਾਏਗਾ। ਇਸ ਦੇ ਬਾਅਦ ਭਾਰਤ ਸਮੇਤ ਜੋ ਵੀ ਦੇਸ਼ ਇਸ ਬਾਸਮਤੀ ਦਾ ਉਤਪਾਦਨ ਕਰੇਗਾ, ਨੇਪਾਲ ਨੂੰ ਰਾਇਲਟੀ ਦੇਵੇਗਾ।

# ਪਾਕਿਸਤਾਨ ’ਚ ਫਿਰ ਹਿੰਦੂ ਵਪਾਰੀ ਦਾ ਕਤਲ

ਲਾਹੌਰ, 12 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ’ਚ ਹਿੰਦੂ ਭਾਈਚਾਰੇ ਦੇ ਲੋਕਾਂ ਦੇ ਕਤਲ, ਅਗਵਾ ਅਤੇ ਲੁੱਟ-ਮਾਰ ਦੀਆਂ ਵਾਰਦਾਤਾਂ ’ਚ ਇਸ ਸਾਲ ਵੱਡਾ ਵਾਧਾ ਹੋਇਆ ਹੈ।

ਸੂਬਾ ਸਿੰਧ ਦੇ ਖੈਰਪੁਰ ਸ਼ਹਿਰ ਦੇ ਲੁਕਮਾਨ ਸ਼ਾਹੀ ਬਾਜ਼ਾਰ ਦੇ ਇੱਕ ਹਿੰਦੂ ਕਾਰੋਬਾਰੀ ਦੀਪਕ ਕੁਮਾਰ ਪੁੱਤਰ ਮਾਧੋ ਮੱਲ ਨੂੰ ਲੰਘੇ ਦਿਨ ਉਸ ਦੇ ਘਰ ’ਚ ਦਾਖ਼ਲ ਹੋ ਕੇ ਅਣਪਛਾਤੇ ਬੰਦੂਕਧਾਰੀ ਵਿਅਕਤੀਆਂ ਨੇ ਕਤਲ ਕਰ ਦਿੱਤਾ। ਇਸ ਬਾਰੇ ਪੁਲਸ ਨੇ ਕਾਰਵਾਈ ਕਰਕੇ ਦੋ ਦੋਸ਼ੀਆਂ ਨੂੰ ਹਿਰਾਸਤ ’ਚ ਲੈ ਲਿਆ ਹੈ, ਜਦਕਿ ਸ਼ਹਿਰ ਦੀ ਆਇਸ਼ਾ ਮਾਰਕੀਟ ’ਚ ਬੰਦੂਕਧਾਰੀ ਵਿਅਕਤੀਆਂ ਵੱਲੋਂ ਆਨੰਦ ਕੁਮਾਰ, ਅਸ਼ੋਕ ਕੁਮਾਰ ਅਤੇ ਇੱਕ ਹੋਰ ਹਿੰਦੂ ਕਾਰੋਬਾਰੀ ’ਤੇ ਕੀਤੇ ਜਾਨਲੇਵਾ ਹਮਲੇ ਦੇ ਸਬੰਧ ’ਚ ਪੁਲਸ ਨੂੰ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ।

ਇਸ ਦੌਰਾਨ ਸਿੰਧ ਸੂਬੇ ਦੇ ਸੂਜਾਵਲ ਗੋਥ ਦੇ ਹਰੀ ਕੁਮਾਰ ਦੀ 22 ਵਰ੍ਹਿਆਂ ਦੀ ਧੀ, ਜਿਸ ਨੂੰ ਇਲਾਕੇ ਦੇ ਕੁਝ ਵਿਅਕਤੀਆਂ ਨੇ ਅਗਵਾ ਕੀਤਾ ਸੀ, ਦਾ ਸਮੂਹਿਕ ਜਬਰ ਜਨਾਹ ਕਰਨ ਉਪਰੰਤ ਅਗਲੇ ਦਿਨ ਉਸ ਨੂੰ ਉਸ ਦੇ ਘਰ ਦੇ ਅੱਗੇ ਛੱਡ ਦਿੱਤਾ ਗਿਆ। ਹਿੰਦੂ ਭਾਈਚਾਰੇ ਨੇ ਪੁਲਸ ਤੋਂ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

# ਮਾੜੇ ਮੁਰੰਮਤ ਪ੍ਰਬੰਧਾਂ ਕਾਰਨ ਪਾਕਿਸਤਾਨ’ਚ ਬੱਤੀ ਗੁੱਲ ਹੋਈ ਸੀ



ਇਸਲਾਮਾਬਾਦ, 12 ਜਨਵਰੀ (ਪੋਸਟ ਬਿਊਰੋ)- ਕੌਮੀ ਗਰਿੱਡ ਵਿੱਚ ਮਾੜੀ ਮੁਰੰਮਤ ਅਤੇ ਸੁਰੱਖਿਆ ਪ੍ਰਣਾਲੀ ਫੇਲ੍ਹ ਹੋਣ ਕਾਰਨ ਪਿਛਲੇ ਹਫਤੇ ਪਾਕਿਸਤਾਨ ਵਿੱਚ ਬੱਤੀ ਗੁੱਲ ਹੋਈ ਸੀ, ਜਿਸ ਦਾ ਅਸਲ ਕਾਰਨ ਪਾਕਿਸਤਾਨ ਦੇ ਕੌਮੀ ਬਿਜਲੀ ਉਤਪਾਦਨ ਤੇ ਵੰਡ ਸਿਸਟਮ ਵਿੱਚ ਵੱਡਾ ਤਕਨੀਕੀ ਨੁਕਸ ਪੈਣਾ ਸੀ। ਇਸੇ ਕਰਕੇ ਸ਼ਨੀਵਾਰ ਨੂੰ ਪਾਕਿ-ਸਤਾਨ ਦੇ ਕਈ ਵੱਡੇ ਤੇ ਛੋਟੇ ਸ਼ਹਿਰ ਹਨੇਰੇ ਵਿੱਚ ਡੁੱਬ ਗਏ ਸਨ।

ਦਿ ਡਾਅਨ ਵੱਲੋਂ ਕੱਲ੍ਹ ਛਾਪੀ ਗਈ ਖਬਰ ਅਨੁਸਾਰ ਇਸ ਸਬੰਧੀ ਸੀਨੀਅਰ ਅਧਿਕਾਰੀਆਂ ਵੱਲੋਂ ਕੱਲ੍ਹ ਵਿਸਥਾਰ ’ਚ ਵਿਚਾਰ ਚਰਚਾ ਕੀਤੀ ਗਈ। ਅਧਿਕਾਰੀਆਂ ਨੇ ਮੰਨਿਆ ਹੈ ਕਿ ਸਾਰੇ ਪਾਕਿਸਤਾਨ ਵਿੱਚ ਛਾਏ ਹਨੇਰੇ ਨੇ ਦੇਸ਼ ਦੇ ਸਮੁੱਚੇ ਬਿਜਲੀ ਸੈਕਟਰ ਨੂੰ ਚਲਾਉਣ ਵਿੱਚ ਸਰਕਾਰੀ ਪੱਧਰ ’ਤੇ ਮਾੜੇ ਪ੍ਰਬੰਧਾਂਦੀ ਗੱਲ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ। ਤਿੰਨੋਂ ਪ੍ਰਮੁੱਖ ਕੰਪਨੀਆਂ ਕੇਂਦਰੀ ਬਿਜਲੀ ਉਤਪਾਦਨ ਕੰਪਨੀ ਗੁੱਡੂ, ਕੌਮੀ ਟਰਾਂਸਮਿਸ਼ਨ ਤੇ ਡਿਸਪੈਚ ਕੰਪਨੀ (ਐਨ ਟੀ ਡੀ ਸੀ) ਅਤੇ ਕੌਮੀ ਬਿਜਲੀ ਕੰਟਰੋਲ ਕੇਂਦਰ (ਐਨ ਪੀ ਸੀ ਸੀ) ਦੇ ਮੁੱਖ ਕਾਰਜਕਾਰੀ ਅਧਿਕਾਰੀ ਸਾਲਾਂ ਤੋਂ ਐਡਹਾਕ ’ਤੇ ਕੰਮ ਕਰ ਰਹੇ ਹਨ ਜਾਂ ਉਨ੍ਹਾਂ ਕੋਲ ਵਾਧੂ ਚਾਰਜ ਹਨ।ਕੇਂਦਰੀ ਬਿਜਲੀ ਉਤਪਾਦਨ ਕੰਪਨੀ ਗੁੱਡੂ ਬਿਜਲੀ ਸਟੇਸ਼ਨ ਚਲਾਉਂਦੀ ਹੈ, ਜਿੱਥੋਂ ਸ਼ੁਰੂਆਤੀ ਤੌਰ ’ਤੇ ਤਕਨੀਕੀ ਨੁਕਸ ਪਤਾ ਲੱਗਾ ਸੀ। ਉਸ ਪਿੱਛੋਂ ਕਰਾਚੀ, ਰਾਵਲਪਿੰਡੀ, ਲਾਹੌਰ, ਇਸਲਾਮਾ-ਬਾਦ, ਮੁਲਤਾਨ ਤੇ ਹੋਰ ਥਾਵਾਂ ਵੀ ਹਨੇਰੇ ਵਿੱਚ ਡੁੱਬ ਗਈਆਂ।

ਐਨ ਟੀ ਡੀ ਸੀ ਵੱਲੋਂ ਕੌਮੀ ਗਰਿੱਡ ਦਾ ਪ੍ਰਬੰਧ ਦੇਖਿਆ ਜਾਂਦਾ ਹੈ। ਇਸ ਗਰਿੱਡ ਦੇ ਸੁਰੱਖਿਆ ਸਿਸਟਮ ਨੂੰ ਗੁੱਡੂ ਸਟੇਸ਼ਨ ਦੀ ਟਰਿਪਿੰਗ ’ਤੇ ਐਕਟਿਵ ਹੋਣਾ ਚਾਹੀਦਾ ਸੀ, ਪਰ ਇਸ ਸੁਰੱਖਿਆ ਸਿਸਟਮ ਨੇ ਕੰਮ ਹੀ ਨਹੀਂ ਕੀਤਾ ਜਿਸ ਕਾਰਨ ਦੇਸ਼ ਭਰ ਦੇ ਪਾਵਰ ਪਲਾਂਟ ਕੁਝ ਹੀ ਸਕਿੰਟਾਂ ਵਿੱਚ ਬੰਦ ਹੋ ਗਏ।ਅਖਬਾਰ ਮੁਤਾਬਕ ਐਨ ਪੀ ਸੀ ਸੀ ਪਾਵਰ ਪਲਾਂਟਾਂ ਤੋਂ ਵੰਡ ਕੰਪਨੀਆਂ ਨੂੰ ਜਾਂਦੀ ਬਿਜਲੀ ਦਾ ਪ੍ਰਵਾਹ ਦੇਖਦੀ ਹੈ। ਇਸ ਨੇ ਸਹੀ ਲੋਡ ਤੇ ਫ੍ਰੀਕੁਐਂਸੀ ਸੰਤੁਲਤਕਰਨ ਲਈ ਸਪਲਾਈ ਸਿਸਟਮ ਦਾ ਕੰਮ ਦੇਖਣਾ ਹੁੰਦਾ ਹੈ। ਇਹ ਵੰਡ ਕੰਪਨੀ ਵੀ ਢਾਈ ਸਾਲ ਤੋਂ ਵੱਧ ਸਮੇਂ ਤੋਂ ਰੈਗੂਲਰ ਮੁੱਖ ਕਾਰਜਕਾਰੀ ਅਫਸਰਾਂ ਤੋਂ ਬਿਨਾਂ ਚੱਲ ਰਹੀ ਹੈ। ਐਨ ਟੀ ਡੀ ਸੀ ਵਿੱਚ ਜੁਲਾਈ 2017 ਤੋਂ ਕੋਈ ਰੈਗੂਲਰ ਮੁੱਖ ਕਾਰਜਕਾਰੀ ਅਫਸਰ ਨਹੀਂ ਹੈ।

